Akhand Kirtani Jatha (Regd.)

# ਆਤਮ ਰੰਗ

Akhand Kirtani Jatha (Regd.)

ਜਿਲਦ ੨੪ ਫਰਵਰੀ 2023 ਮਾਘ-ਫੱਗਣ 554 ਨਾਨਕਸ਼ਾਹੀ February 2023 ਅੰਕ 2




ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ 393ਵਾਂ ਪ੍ਰਕਾਸ਼ ਪੁਰਬ, ਜੋ 3 ਫਰਵਰੀ 2023 ਨੂੰ ਆ ਰਿਹਾ ਹੈ, ਸਾਰਾ ਸੰਸਾਰ, ਦੇਸ਼-ਪ੍ਰਦੇਸ਼ ਵਿਚ ਬੜੇ ਪਿਆਰ, ਸਤਿਕਾਰ ਤੇ ਰੀਝਾਂ ਨਾਲ ਮਨਾ ਰਿਹਾ ਹੈ। ਗੁਰਦੁਆਰਾ ਅੰਬ ਸਾਹਿਬ, ਉਹ ਪਾਵਨ ਸਥਾਨ ਹੈ ਜਿਸ ਨੂੰ ਧੰਨ ਧੰਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪਾਵਨ ਚਰਣਾਂ ਦੀ ਛੋਹ ਪ੍ਰਾਪਤ ਹੈ।

ਲਖ ਖੁਸ਼ੀਆ ਪਾਤਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥
ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ ॥





ਭਾਈ ਪ੍ਰਿਯਾਦੀਪ ਸਿੰਘ ਜੀ, ਸਪੁੱਤਰ ਭਾਈ ਬਲਜੀਤ ਸਿੰਘ ਜੀ ਖਾਲਸਾ ਤੇ ਬੀਬੀ ਦਵਿੰਦਰ ਕੌਰ ਖਾਲਸਾ, ਜਲੰਧਰ ਨਿਵਾਸੀ ਦਾ ਆਨੰਦ ਕਾਰਜ ਬੀਬਾ ਜਸ਼ਨਪ੍ਰੀਤ ਕੌਰ ਜੀ, ਸਪੁੱਤਰੀ ਵੈਦ ਬਲਜੀਤ ਸਿੰਘ ਜੀ ਅਤੇ ਬੀਬੀ ਅੰਮ੍ਰਿਤਪਾਲ ਕੌਰ ਜੀ, ਗੁਨਿਆਨਾਮੰਡੀ ਵਾਲੇ ਦੇ ਨਾਲ 29.11.2022 ਨੂੰ ਦਿਨ ਮੰਗਲਵਾਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਲੁਧਿਆਣਾ ਵਿਖੇ ਪੂਰਨ ਅਖੰਡ ਕੀਰਤਨੀ ਜੱਥੇ ਦੀ ਮਰਿਯਾਦਾ ਅਨੁਸਾਰ ਹੋਇਆ। ਆਦਾਰਾ ਆਤਮ ਰੰਗ ਇਸ ਸੁਭਾਗ ਜੋੜੀ ਨੂੰ ਮੁਬਾਰਕਵਾਦ ਦਿੰਦਾ ਹੈ।

ੴ ਠਾਕੁਰ ਗਾਈਐ ਆਤਮ ਰੰਗਿ ੴ

# ਆਤਮ ਰੰਗ

ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਜਿਲਦ ੨੪ | ਫਰਵਰੀ 2023 | ਮਾਘ-ਫੱਗਣ 554 ਨਾਨਕਸ਼ਾਹੀ | February 2023 | ਅੰਕ 2


**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ


**ਮੁੱਖ ਸੰਪਾਦਕ**
*ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ*

**ਦਫ਼ਤਰ**
*245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)*
*ਫ਼ੋਨ ਅਤੇ ਵਟਸਐਪ : 98143-00245, 75289-00045*
**E-mail :** atamrang3@gmail.com
**Website :** www.akjatamrangmagazine.org

**ਸਲਾਹਕਾਰ**

ਭਾਈ ਕੁਲਵੰਤ ਸਿੰਘ, ਕਾਕੀ ਪਿੰਡ
ਭਾਈ ਗੁਰਬੱਚਨ ਸਿੰਘ, ਦਿਆਲਪੁਰ
ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ
ਭਾਈ ਅਮਰਿੰਦਰ ਸਿੰਘ, ਚੰਡੀਗੜ੍ਹ
ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ
ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ

**ਕਾਨੂੰਨੀ ਸਲਾਹਕਾਰ**
*ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ*



**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।



"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

*'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।*



ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

# ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 5
  *– ਭਾਈ ਜੋਗਿੰਦਰ ਸਿੰਘ ਜੀ*
- ਅਣਡਿੱਠੀ ਦੁਨੀਆ 6
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਚਰਨ ਕਮਲ ਕੀ ਮਉਜ 8
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਧਿਆਨ ਦੀ ਮਹੱਤਤਾ 10
  *– ਪ੍ਰਿੰਸੀਪਲ ਸੱਜਣ ਸਿੰਘ ਜੀ*
- ਵਾਹਿਗੁਰੂ ਸਿਮਰਨ 13
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਸੁਖਮਨੀ ਵਿਚ ਸਿਮਰਨ 15
  *– ਭਾਈ ਜੋਗਿੰਦਰ ਸਿੰਘ ਜੀ*
- ਸਤਿਗੁਰ ਦਾਤਾ ਨਾਮ ਕਾ 17
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਕੀਰਤਨ ਤੇ ਕੀਰਤਨੀਆ 18
  *– ਬੀਬੀ ਭੁਪਿੰਦਰ ਕੌਰ ਜੀ*
- ਮਨਿ ਜੀਤੈ ਜਗੁ ਜੀਤੁ 19
  *– ਪ੍ਰਿੰਸੀਪਲ ਸੱਜਣ ਸਿੰਘ ਜੀ*
- ਆਨਮਤੀ ਕਰਮ ਤੇ ਤੀਰਥ 22
  *–ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਗੁਰੂ ਹਰਿ ਰਾਏ ਜੀ 24
  *– ਪ੍ਰਿੰਸੀਪਲ ਤੇਜਾ ਸਿੰਘ ਜੀ*
- ਦਾੜ੍ਹੀ ਦੀ ਮਹੱਤਤਾ 26
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਬਾਬਾ ਬੁੱਢਾ ਜੀ 31
  *– ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ.*

## *ਸੰਪਾਦਕੀ...*

ਫਰਵਰੀ ਦਾ ਮਹੀਨਾ ਖ਼ਾਲਸਾ ਪੰਥ ਦੇ ਸ਼ਹੀਦਾਂ ਦਾ ਮਹੀਨਾ ਆਖਿਆ ਜਾ ਸਕਦਾ ਹੈ। 5 ਫਰਵਰੀ ਸੰਨ 1762 ਨੂੰ ਅਹਿਮਦ ਸ਼ਾਹ ਅਬਦਾਲੀ ਅਫ਼ਗਾਨਿਸਤਾਨ ਤੋਂ ਬਾਬਰ ਵਾਂਗ ਪਾਪ ਕੀ ਜੰਞ ਲੈ ਕੇ ਮਲੇਰਕੋਟਲੇ ਕੋਲ ਆਇਆ ਤੇ ਕੁੱਪ ਰਹੀੜਾ ਅਸਥਾਨ 'ਤੇ ਖ਼ਾਲਸਾ ਪੰਥ ਨਾਲ ਟੱਕਰ ਲਈ। ਜਿਸ ਵਿਚ ਸਿੰਘਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ। ਇਸ ਨੂੰ ਵੱਡਾ ਘੱਲੂਘਾਰਾ ਦਾ ਨਾਮ ਦਿੱਤਾ ਗਿਆ ਹੈ। 10 ਫਰਵਰੀ ਨੂੰ ਬਾਬਾ ਦੀਪ ਸਿੰਘ ਜੀ ਦੀ ਭੀ ਸ਼ਹੀਦੀ ਹੋਈ ਸੀ। 21 ਫਰਵਰੀ ਸੰਨ 1921 ਨੂੰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਨੂੰ ਨਰੈਣੂ ਮਹੰਤ ਤੋਂ ਆਜ਼ਾਦ ਕਰਾਉਣ ਖ਼ਾਤਰ ਸ਼ਾਂਤਮਈ ਰਹਿੰਦੇ ਹੋਏ 156 ਸਿੰਘਾਂ ਨੇ ਜਥੇਦਾਰ ਭਾਈ ਲਛਮਣ ਸਿੰਘ ਜੀ ਸਮੇਤ ਸ਼ਹੀਦੀਆਂ ਪਾਈਆਂ। ਉਸ ਸਾਕੇ ਦੇ ਰੋਸ ਵਜੋਂ ਪੰਜਾਬ ਅੰਦਰ ਪੰਥ ਨੇ ਪਵਿੱਤਰ ਇਤਿਹਾਸਕ ਗੁਰਧਾਮਾਂ ਨੂੰ ਨਿਰਮਲੇ ਮਹੰਤਾਂ ਦੇ ਕਬਜ਼ਿਆਂ ਤੋਂ ਆਜ਼ਾਦ ਕਰਾਉਣ ਲਈ 1921-1925 ਤਕ ਗੁਰਦੁਆਰਾ ਸੁਧਾਰ ਲਹਿਰ ਚਲਾਈ, ਜਿਸ ਵਿਚ ਅਨੇਕਾਂ ਸਿੱਖ ਸ਼ਹੀਦ ਹੋਏ, ਪੁਲਿਸ ਦੀਆਂ ਡਾਂਗਾਂ ਦੀ ਮਾਰ ਸਹਾਰਨੀ ਪਈ, ਅਤੇ ਜੇਲ੍ਹਾਂ ਵਿਚ ਭੀ ਕੈਦ ਹੋਣਾ ਪਿਆ। ਬ੍ਰਿਟਿਸ਼ ਸਰਕਾਰ ਮਹੰਤਾਂ ਦੀ ਪਿੱਠ 'ਤੇ ਸੀ ਜਦੋਂ ਕਿ ਖ਼ਾਲਸੇ ਦੀ ਪਿੱਠ ਉੱਤੇ ਗੁਰੂ ਮਹਾਰਾਜ ਦਾ ਹੱਥ ਸੀ। ਵੱਡੇ ਘੱਲੂਘਾਰੇ ਵਾਲੇ ਅਸਥਾਨ - ਕੁੱਪ ਰਹੀੜਾ ਨੂੰ ਪੰਥ ਨੇ ਹੁਣ ਤਕ ਅਣਗੌਲਿਆ ਜਿਹਾ ਰੱਖਿਆ ਹੈ। ਸ਼ਹੀਦੀ ਕਲਚਰ, ਖ਼ਾਲਸਾ ਪੰਥ ਦਾ ਨਾ ਕੇਵਲ ਵਿਰਸਾ ਹੈ ਬਲਕਿ ਇਸ ਨਾਲ ਪੰਥ ਵਿਚ ਹਮੇਸ਼ਾ ਚੜ੍ਹਦੀ ਕਲਾ ਆਈ ਹੈ। ਅੱਜ ਸਾਡੀ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ ਤੋਂ ਅਤੇ ਆਪਣੇ ਧਰਮ ਦੇ ਮਹਾਨ ਪਰਉਪਕਾਰੀ ਕਲਚਰ ਤੋਂ ਭੀ ਦੂਰ ਜਾਂਦਿਆਂ ਵੇਖ ਕੇ ਦੁੱਖ ਹੁੰਦਾ ਹੈ। ਇਨ੍ਹਾਂ ਸ਼ਹੀਦਾਂ ਨੇ ਮਨੁੱਖੀ ਅਧਿਕਾਰ ਜਿਸ ਵਿਚ ਸਭ ਨੂੰ ਆਪਣੇ ਧਰਮ ਪਾਲਣ ਦੀ ਆਜ਼ਾਦੀ ਹੋਵੇ, ਨੂੰ ਕਾਇਮ ਰੱਖਣ ਲਈ ਮੁਗ਼ਲ ਸਾਮਰਾਜ ਦੇ ਕੱਟੜ ਧਾਰਮਿਕ ਜ਼ੁਲਮ ਦਾ ਟਾਕਰਾ ਕਰਨਾ ਪਿਆ ਅਤੇ ਇਸ ਲਈ ਆਪਣਾ ਬਲੀਦਾਨ ਦੇ ਕੇ ਸਾਡੇ ਲਈ ਉੱਚੇ ਸੁੱਚੇ ਪੂਰਨੇ ਪਾਏ। ਅੱਜ ਭੀ ਇਸਲਾਮਿਕ ਕੱਟੜਵਾਦ ਸਾਰੀ ਦੁਨੀਆ ਲਈ ਖ਼ਤਰਾ ਬਣਿਆ ਹੋਇਆ ਹੈ। ਐਸੀ ਹਾਲਤ ਵਿਚ ਖ਼ਾਲਸਾ ਜੀ ਨੂੰ ਆਪਣੇ ਗੁਰੂਆਂ ਅਤੇ ਸੂਰਬੀਰਾਂ ਦੇ ਸ਼ਹੀਦੀ ਕਲਚਰ ਤੋਂ ਸੇਧ ਲੈਣੀ ਚਾਹੀਦੀ ਹੈ।

---

# ਬਾਰਹ ਮਾਹ ਕਥਾ

*[ਭਾਈ ਜੋਗਿੰਦਰ ਸਿੰਘ ਜੀ]*

***ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥ ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥ ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥ ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥ ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥ ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥ ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥ ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥ ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥ ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥***  *ਅੰਗ - 135*

**ਅਰਥ**

ਫਲਗੁਣਿ - ਫੱਗਣ ਮਹੀਨੇ ਦੁਆਰਾ ਗੁਰ-ਉਪੇਦਸ਼। ਅਨੰਦ ਉਪਾਰਜਨਾ - ਆਤਮ-ਆਨੰਦ ਦੀ ਉਤਪਤੀ ਹੋਈ। ਸੰਤ ਸਹਾਈ ਰਾਮ ਕੇ - ਸੰਤ-ਸਤਿਗੁਰੂ ਜੀ ਰਾਮ ਦੇ ਮਿਲਾਪ ਲਈ ਸਹਾਈ ਹੋਏ। ਹੁਣਿ ਦੁਖਾ ਨਾਹੀ ਜਾਇ - ਹੁਣ ਦੁਖਾਂ ਲਈ ਕੋਈ ਥਾਂ ਨਹੀਂ ਰਹੀ। ਇਛ ਪੁਨੀ ਵਡਭਾਗਣੀ - ਕੰਤ-ਮਿਲਾਪ ਦੀ ਚਾਹਨਾ ਪੂਰੀ ਹੋ ਗਈ ਅਤੇ ਜੀਵ-ਇਸਤ੍ਰੀ ਵੱਡੇ ਭਾਗਾਂ ਵਾਲੀ ਹੋ ਗਈ। ਵਰੁ ਪਾਇਆ ਹਰਿ ਰਾਇ - ਹਰੀ-ਰਾਜਾ ਕੰਤ ਪ੍ਰਾਪਤ ਕਰ ਲਿਆ। ਸਹੀਆ - ਸਖੀਆਂ। ਮੰਗਲੁ ਗਾਵਹੀ - ਸੁਹਾਗ-ਗੀਤ ਗਾਉਂਦੀਆਂ ਹਨ। ਅਲਾਇ-ਅਲਾਪ ਕਰ ਕੇ। ਜੇਹਾ - ਵਰਗਾ। ਲਵੈ ਨ ਲਾਇ - ਬਰਾਬਰੀ ਨਹੀਂ ਕਰ ਸਕਦਾ। ਹਲਤੁ ਪਲਤੁ - ਲੋਕ-ਪ੍ਰਲੋਕ। ਸਵਾਰਿਓਨੁ - ਉਸ ਪ੍ਰਭੂ-ਪਤੀ ਨੇ ਸਵਾਰ ਦਿੱਤਾ। ਜਾਇ - ਥਾਂ। ਬਹੁੜਿ - ਫਿਰ। ਨ ਜਨਮੈ ਧਾਇ - ਜਨਮ (ਮਰਨ) ਦੀ ਭਟਕਣਾ ਨਹੀਂ ਹੁੰਦੀ। ਜਿਸ ਨੋ ਤਿਲੁ ਨ ਤਮਾਇ - ਜਿਸ ਪ੍ਰਭੂ-ਕੰਤ ਨੂੰ ਨਾ ਕੋਈ ਧੋਖਾ ਵਿਆਪਦਾ ਹੈ ਅਤੇ ਨਾ ਹੀ ਕੋਈ ਲਾਲਚ।



# ਅਣਡਿੱਠੀ ਦੁਨੀਆ



*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਇਹ ਨਿਜ ਦ੍ਰਿਸ਼ਟੇਣੀ ਸ਼ਹਾਦਤ ਸਤਿਗੁਰੂ ਨਾਨਕ ਸਾਹਿਬ ਨੇ ਤਾਂ ਓਦੋਂ ਦੀ ਹੀ ਭਰੀ ਹੋਈ ਹੈ, ਜਦੋਂ ਏਸ ਸਾਇੰਸ ਨੇ ਅਜੇ ਆਪਣੇ ਚਮਤਕਾਰੇ ਭੀ ਨਹੀਂ ਵਿਖਾਏ ਸਨ ਤੇ ਨ ਸਾਇੰਸ ਅਜੇ ਪੂਰੀ ਤਰ੍ਹਾਂ ਵਜੂਦ ਵਿਚ ਹੀ ਆਈ ਸੀ। ਇਨ੍ਹਾਂ ਗੁਰ-ਦਰਸਾਈਆਂ ਅਗੰਮੀ ਗੱਲਾਂ ਨੂੰ ਐਵੇਂ ਖ਼ਿਆਲੀ ਮਨਘੜਤ ਗਪੌੜੇ ਹੀ ਸਮਝਿਆ ਜਾਂਦਾ ਸੀ, ਅੱਜ ਨਿਰੰਕਾਰੀ ਗੁਰੂ ਨਾਨਕ ਦੀ ਪਾਰਦਰਸਤਾਂ ਨੂੰ ਸਤਿ ਸਤਿ ਕਰਕੇ ਮੰਨਣ ਦਾ ਸੰਦੇਹ ਕਿਸੇ ਨੂੰ ਕੀ ਹੋ ਸਕਦਾ ਹੈ, ਜਦ ਕਿ ਸਾਇੰਸ ਦੇ ਕਿੰਚਤ ਮਾਤਰੀ ਤਜਰਬਿਆਂ ਨੇ ਸਾਬਤ ਕਰ ਦਿਤਾ ਹੈ ਕਿ ਇਹ ਜੋ ਅਕਾਸ਼ ਦੇ ਲਾਮਹਿਦੂਦ ਪੁਲਾੜ ਵਿਚ ਬੇਅੰਤ ਤਾਰੇ ਸਤਾਰੇ ਦਿਸ ਰਹੇ ਹਨ, ਸਭ ਵਸਦੀਆਂ ਦੁਨੀਆਵਾਂ ਹਨ। ਚਾਹੇ ਅਜੇ ਬਹੁਤ ਸਾਰੇ ਸਾਇੰਸਦਾਨ ਉਖੜੇ ਕੁਹਾੜੇ ਹੀ ਮਾਰਦੇ ਹਨ, ਕਿਉਂਕਿ ਉਨ੍ਹਾਂ ਨੇ ਉਸ ਨਿਗਾਹ ਨਾਲ ਇਹਨਾਂ ਅਗੰਮੀ ਰਚਨਾਵਾਂ ਨੂੰ ਅਜੇ ਦੇਖਿਆ ਹੀ ਨਹੀਂ (ਨਾ ਹੀ ਉਹ ਦੇਖ ਸਕਦੇ ਹਨ, ਜਿਸ ਨਿਗਾਹ ਨਾਲ ਕਿ ਨਿਰੰਕਾਰੀ ਗੁਰੂ ਸਾਹਿਬ ਨੇ ਪੇਖਿਆ ਪਰਖਿਆ ਹੈ ਅਤੇ ਅਨੇਕਾਂ ਗੁਰੂ ਘਰ ਦੇ ਪਹੁੰਚੇ ਹੋਏ ਪੁੱਗ ਚੁਕੇ ਗੁਰਮੁਖ ਜਨਾਂ ਨੂੰ ਸਤਿਗੁਰਾਂ ਦੀ ਕਿਰਪਾ ਦ੍ਰਿਸ਼ਟੀ ਨੇ ਪੇਖਾਇਆ ਪਰਤੱਖਾਇਆ ਹੈ। ਫੇਰ ਭੀ ਜੇ ਅਪਤੀਜਣਹਾਰੇ ਨ ਪਤੀਜਣ ਤਾਂ ਕਿਸੇ ਦਾ ਕੀ ਕਸੂਰ?

ਵਾਹਿਗੁਰੂ ਦੀ ਹਸਤੀ ਨੂੰ ਜੇ ਉਹ ਬੱਧੇ-ਰੁੱਧੇ ਮੰਨ ਭੀ ਜਾਣ ਤਾਂ ਉਹ ਵਾਹਿਗੁਰੂ ਦੀ ਦਰਗਾਹ ਨੂੰ ਉੱਕਾ ਹੀ ਨਹੀਂ ਮੰਨਦੇ। ਅਗੇ ਨੂੰ ਯਾ ਅਗਲੀ ਅਗੰਮ ਵਸਦੀ ਦੁਨੀਆ ਨੂੰ ਤਾਂ ਉਹ ਅਜੇ ਭੀ ਇਕ ਫ਼ਸਾਨਾ ਹੀ ਸਮਝਦੇ ਹਨ। ਉਨ੍ਹਾਂ ਦੇ ਭਾ ਦਾ ਨ ਕੋਈ ਅੱਗਾ ਹੈ, ਨ ਅਗਲੀ ਦੁਨੀਆ ਹੈ, ਨ ਕੋਈ ਕਰਮਾਂ ਦਾ ਵੀਚਾਰ ਹੈ ਤੇ ਨ ਕੋਈ ਲੇਖਾ ਲੈਣਹਾਰ ਹੈ, ਨ ਧਰਮਰਾਇ ਹੈ, ਨ ਕੋਈ ਜਮ-ਜੰਦਾਰਾ ਹੈ, ਨ ਕੋਈ ਨਰਕ ਹੈ ਨ ਸੁਰਗ ਬਹਿਸ਼ਤ ਹੈ, ਐਵੇਂ ਸਭ ਆਮ ਖ਼ਿਆਲੀਆਂ ਹੀ ਹਨ। ਪਰ ਗੁਰਸਿਖਾਂ ਨੂੰ ਏਨ੍ਹਾਂ ਗੱਲਾਂ ਦੇ ਮੰਨਣੋਂ ਨਾਂਹ ਕਰਨ ਲਈ ਕੋਈ ਥਾਉਂ ਨਹੀਂ, ਜੇਕਰ ਗੁਰਬਾਣੀ ਅੰਦਰ ਇਸ ਗੱਲ ਦਾ ਸਬੂਤ ਮਿਲੇ ਕਿ ਇਹ ਸਭ ਕੁਝ ਹੈ। ਧੁਰ ਸਤਿਪੁਰਖ ਅਕਾਲ ਦੀ ਦਰਗਾਹੋਂ ਗੁਰੂ ਸਤਿਪੁਰਖਾਂ ਦੁਆਰਾ ਆਈ ਬਾਣੀ ਜੋ ਕੁਝ ਭੀ ਦਰਸਾਉਂਦੀ ਦ੍ਰਿੜ੍ਹਾਉਂਦੀ ਹੈ, ਉਹ ਸਭ ਕੁਝ ਸਤਿ ਹੈ ਤੇ ਗੁਰਸਿਖਾਂ ਦੇ ਸਤਿ ਸਤਿ ਕਰ ਮੰਨਣ ਜੋਗ ਹੈ।

ਗੁਰੂ ਸਾਹਿਬਾਨ ਧੁਰੋਂ ਆਏ, ਆਦਿ ਜੁਗਾਦੀ ਸਤਿ ਪੁਰਖ ਅਕਾਲ ਪੁਰਖ ਦੇ ਗੁਰਤਤਾਏ ਹੋਏ ਸਤਿ ਪੁਰਖ ਕੋਈ ਰੋਚਕ, ਭਿਆਨਕ ਕਥਾ ਨਹੀਂ ਕਰਦੇ, ਜੈਸਾ ਕਿ ਕਈ ਇਕ ਖਰੜ ਗਿਆਨੀਆਂ ਦਾ ਚੁੰਚ-ਕਬੱਗਰੀ ਖ਼ਿਆਲ ਹੈ। ਉਨ੍ਹਾਂ ਦਾ ਧੁਰ ਕੀ ਬਾਣੀ ਦੁਆਰਾ ਦਰਸਾਇਆ, ਪ੍ਰਗਟਾਇਆ ਹਰ ਇਕ ਅਭਿੱਪਰਾ ਸਤਿ ਹੈ ਤੇ ਸਤਿ ਸਤਿ ਕਰ ਮੰਨਣ ਜੋਗ ਹੈ, ਨਿਰੋਲ ਯਥਾਰਥ ਗਿਆਨ ਹੈ, ਕਿਉਂਕਿ ਭਰਮ ਭਰਾਂਤੀ ਰਾਈ ਮਾਤਰ ਭੀ ਨਹੀਂ। ਸਮੱਗਰ ਗੁਰ ਗਿਆਨ ਦ੍ਰਿੜ੍ਹਾਏ ਸਿਧਾਂਤ ਤੇ ਗੁਰਬਾਣੀ ਅੰਦਰ ਆਏ ਗੁਰਮਤਿ ਗਿਆਨ ਤੋਂ ਸਿਰ ਫੇਰਨਾ ਬੇਸਿਦਕੇ ਤੇ ਸਰਧਾ-ਹੀਣੇ ਅਸਿੱਖਾਂ ਦਾ ਕੰਮ ਹੈ, ਪਰ ਬਿਚਾਰੇ ਦੇਖਾ ਦੇਖੀ ਦੇ ਅਨਜਾਣ ਸਿਖਾਂ ਨੂੰ ਇਹ ਭੀ ਪਤਾ ਨਹੀਂ ਕਿ ਸਚਮੁਚ ਗੁਰਬਾਣੀ ਏਹਨਾਂ ਉਪਰ ਟੂਕ ਮਾਤ੍ਰ ਦਸੀਆਂ ਅਸਲੀਅਤਾਂ ਨੂੰ ਦ੍ਰਿੜਦੀ ਦ੍ਰਿੜਾਉਂਦੀ ਭੀ ਹੈ। ਸੋ ਐਸੇ ਅਨਜਾਣਾਂ ਨੂੰ ਗੁਰਵਾਕਾਂ ਦੇ ਪਰਮਾਣਾਂ ਦੀ ਗੁਰਮਤਿ ਸਿਧਾਂਤੀ ਵਿਆਖਿਆ ਹੀ ਸਿਧੇ ਤੇ ਸੱਚੇ ਰਸਤੇ ਤੋਂ ਸ਼ਰਧਾ ਸੁਮਾਰਗੀ ਪਰ ਲਿਆਉਣ ਲਈ ਸਮਰਥ ਹੈ। ਇਸ ਲਈ ਗੁਰ-ਪ੍ਰਮਾਣਾਂ ਦੀ ਪ੍ਰੋੜਤਾ ਨਾਲ

ਹੀ ਤਿਨ੍ਹਾਂ ਦੇ ਕੱਚੇ ਨਿਸਚਿਆਂ ਨੂੰ ਪੱਕੇ ਕਰਨ ਲਈ ਪਰਮ ਜ਼ਰੂਰੀ ਸਮਝ ਕੇ ਸਮੁਚੀ ਵੀਚਾਰ ਗੁਰਪ੍ਰਮਾਣਾਂ ਦੇ ਆਧਾਰ ਪਰ ਹੀ ਰਖੀ ਗਈ ਹੈ।

ਨਿਤਾਪ੍ਰਤੀ ਅਸੀਂ ਕੀਰਤਨ ਸੋਹਿਲੇ ਦਾ ਪਾਠ ਕਰਦੇ ਹੋਏ ਇਹ ਤੁਕ ਪੜ੍ਹਦੇ ਹਾਂ –

*ਈਹਾ ਖਾਟਿ ਚਲਹੁ ਹਰਿ ਲਾਹਾ*
*ਆਗੈ ਬਸਨੁ ਸੁਹੇਲਾ॥* (ਸੋਹਿਲਾ)

ਜੋ ਗੁਰਸਿਖ ਹੋ ਕੇ ਇਸ ਗੁਰਵਾਕ ਦੀ ਸਚਾਈ ਤੇ ਨਹੀਂ ਪਤੀਜਦੇ ਕੀ ਉਨ੍ਹਾਂ ਉਤੇ ਸਿਖ ਪਦ ਸਚੇ ਅਰਥਾਂ ਵਿਚ ਘਟ ਸਕਦਾ ਹੈ? ਅੱਗਾ ਹੈ, ਪਰ ਅੱਗੇ ਜਾ ਕੇ ਵਸਣਾ ਉਨ੍ਹਾਂ ਦਾ ਹੀ ਸੁਹੇਲਾ ਹੈ, ਜਿਨ੍ਹਾਂ ਨੇ ਏਸ ਦੁਨੀਆ ਵਿਚ ਰਹਿ ਕੇ ਸਚਾ ਲਾਹਾ, ਹਰਿ-ਲਾਹਾ, ਹਰਿਨਾਮ ਜਪਣ ਦਾ ਲਾਹਾ, ਸੱਚੀ ਗੁਰਮਤਿ ਨਾਮ ਅਭਿਆਸ ਕਮਾਈ ਦਾ ਲਾਹਾ ਖਟਿਆ ਕਮਾਇਆ ਹੈ। ਇਹ ਗੁਰਵਾਕ ਸਪਸ਼ਟ ਦਸਦਾ ਹੈ ਕਿ ਅੱਗਾ ਹੈ। ਕੇਵਲ 'ਅੱਗਾ' ਹੈ ਹੀ ਨਹੀਂ, ਸਗੋਂ 'ਅੱਗਾ' ਦੁਨੀਆ ਉਹ ਸਚਾ ਅਸਥਾਨ ਹੈ, ਜਿਥੇ ਜਾ ਕੇ ਅਸੀਂ ਵਸਣਾ ਹੈ, ਇਹ ਛਡ ਕੇ ਜਾ ਵਸਣਾ ਹੈ ਅਤੇ ਜ਼ਰੂਰ ਹੀ ਜਾਇ ਵਸਣਾ ਹੈ। ਅਰ ਅਗੇ ਵਸਣਾ ਤਿਨ੍ਹਾਂ ਗੁਰਮੁਖ ਨਾਮ-ਅਭਿਆਸੀ ਜਨਾਂ ਦਾ ਹੀ ਸਫਲਾ, ਸੁਹੇਲਾ ਅਤੇ ਸੁਖਦਾਈ ਹੈ, ਜਿਨ੍ਹਾਂ ਨੇ ਮਨੁੱਖਾ ਜਨਮ ਪਾਇ ਕੇ ਗੁਰਦੀਖਤ ਹੋਇ, ਗੁਰਸਿੱਖ ਬਣ ਕੇ ਸੱਚੀਆਂ ਗੁਰਮੁਖ ਨਾਮ ਕਮਾਈਆਂ ਦੇ ਸਚੇ ਅਤੇ ਅਤੁੱਟ ਲਾਹੇ ਲਏ ਹਨ। ਤਿਨ੍ਹਾਂ ਗੁਰਮੁਖਾਂ ਨੂੰ ਇਸ ਦੁਨੀਆ ਅੰਦਰ ਰਹਿੰਦਿਆਂ 'ਆਗੇ ਬਸਨੁ ਸੁਹੇਲਾ' ਦਾ ਅਖੰਨਾ ਆ ਜਾਂਦਾ ਹੈ। ਇਕ ਵਾਰ ਅਖੰਨਾ ਆ ਕੇ ਫੇਰ ਗੁਰਬਾਣੀ ਦਰਸਾਈਆਂ ਸਾਰੀਆਂ ਹੀ ਹਕੀਕਤਾਂ ਤੇ ਸੱਚਾ ਈਮਾਨ ਇਸਥਿਤ ਹੋ ਜਾਂਦਾ ਹੈ। ਉਨ੍ਹਾਂ ਨੂੰ ਇਹ ਭੀ ਸਚਾ ਭਰੋਸਾ ਹੋ ਜਾਂਦਾ ਹੈ ਕਿ ਇਹ ਜੋ ਅਗੇ ਵਸਣ, ਸੁਹੇਲੇ ਵਸਣ ਵਾਲਾ ਵਾਸਾ ਹੈ, ਅਕਾਲ ਪੁਰਖ ਦੇ ਨਿਜ ਘਰ ਮਹਿਲਾਂ ਦਾ ਵਾਸਾ ਹੈ, ਤੇ ਸੁਖ ਸਹਿਜ ਵਾਸਾ ਹੈ, ਕਿਉਂਕਿ ਏਸੇ ਕੀਰਤਨ ਸੋਹਿਲੇ ਦੀ ਬਾਣੀ ਵਿਚ ਅਗਲੇਰੀ ਤੁਕ ਇਹ ਨਿਸਚਾ ਕਰਾਉਂਦੀ ਹੈ ਕਿ –

*ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ*
*ਬਹੁਰਿ ਨ ਹੋਇਗੋ ਫੇਰਾ॥੩॥(੪॥੫)* (ਸੋਹਿਲਾ)

ਇਹ ਵਾਕ ਦਸਦਾ ਹੈ ਕਿ ਗੁਰਮਤਿ ਨਾਮੁ ਅਰਾਧਣ ਵਾਲਿਆਂ ਨੂੰ ਆਪਣੇ ਨਿਜ ਘਰ, ਆਪਣੀ ਨਿਜ ਕਾਇਆਂ ਅੰਦਰਿ ਹੀ ਮਹਲੀ ਵਾਹਿਗੁਰੂ ਦੇ ਮਹਿਲ ਦਾ ਸੁਖ ਸਹਿਜ ਸੰਤੀ ਹੀ ਪਾਵਣਾ ਪ੍ਰਾਪਤ ਹੋ ਜਾਂਦਾ ਹੈ। ਐਸੇ ਸੁਖ ਸਹਜਿ ਸੇਤੀ ਨਿਜ ਘਰ ਵਿਚ ਵਾਹਿਗੁਰੂ ਮਹਲੀਸ਼ਰ ਦਾ ਮਹਲ ਪਾਵਣਹਾਰਿਆਂ ਦਾ ਜਨਮ ਮਰਨ ਸਗਲਾ ਹੀ ਮਿਟ ਜਾਂਦਾ ਹੈ। ਉਹਨਾਂ ਦਾ ਫੇਰ ਏਸ ਸੰਸਾਰ ਵਿਚ ਆਉਣਾ ਜਾਣਾ ਅਰਥਾਤ ਫੇਰਾ ਨਹੀਂ ਹੁੰਦਾ। ਗੁਰੂ ਕਰਤਾਰ ਦੀ ਕਿਰਪਾ ਨਾਲ ਹੀ ਇਹ ਆਉਣਾ ਜਾਣਾ (ਆਵਾਗਵਨ) ਮਿਟਦਾ ਹੈ। ਗੁਰੂ ਕਰਤਾਰ ਦੇ ਪ੍ਰਤਾਪ ਕਰਕੇ ਹੀ ਵਾਹਿਗੁਰੂ ਦਾ ਤੇ ਵਾਹਿਗੁਰੂ ਦੇ ਮਹਿਲ ਦਾ ਮਨ ਵਿਖੇ ਵਸੇਰਾ ਹੁੰਦਾ ਹੈ। ਪਰ ਉਸ ਰਬ ਵਿਹਾਜੀ ਤੋਂ ਹੀ ਹੁੰਦਾ ਹੈ, ਜਿਸ ਦੀ ਖ਼ਾਤਰ ਇਹ ਮਨੁੱਖਾ ਦੇਹ ਜਨਮ ਧਾਰ ਕੇ ਏਥੇ ਆਏ ਹਾਂ, ਅਰਥਾਤ 'ਨਾਮ' ਕਮਾਈਆਂ ਕਰਕੇ ਨਾਮ ਕਮਾਈਆਂ ਦਾ ਸੱਚਾ ਸੌਦਾ ਵਿਹਾਜ ਕੇ ਹੁੰਦਾ ਹੈ, ਜਿਹਾ ਕਿ ਉਪਰਲੇ ਗੁਰਵਾਕ ਤੋਂ ਪਹਿਲੀ ਤੁਕ ਦਰਸਾਉਂਦੀ ਹੈ –

*ਜਾ ਕਉ ਆਏ ਸੋਈ ਬਿਹਾਝਹੁ,*
*ਹਰਿ ਗੁਰ ਤੇ ਮਨਹਿ ਬਸੇਰਾ॥੩॥(੪॥੫॥)* (ਸੋਹਿਲਾ)

ਇਨ੍ਹਾਂ ਤੁਕਾਂ ਤੋਂ ਨਾ ਕੇਵਲ 'ਹਰਿ ਗੁਰ ਤੇ ਮਨਹਿ ਬਸੇਰਾ' ਤੇ 'ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ' ਵਾਲਾ ਗੁਰਮਤਿ ਸਿਧਾਂਤ ਸਿਧ ਹੋਇਆ, ਬਲਕਿ 'ਬਹੁਰਿ ਨ ਹੋਇਗੋ ਫੇਰਾ' ਦਾ ਪੂਰਨ ਯਕੀਨ ਭੀ ਆਉਂਦਾ ਹੈ, ਜੋ ਇਸ ਗੱਲ ਨੂੰ ਨਿਸਚਤ ਕਰਾਉਂਦਾ ਹੈ ਕਿ ਆਵਾਗਵਨ ਦਾ ਅਸੂਲ ਭੀ ਗੁਰਮਤਿ ਅੰਦਰਿ ਅਪਣਾਇਆ ਗਿਆ ਹੈ ਅਤੇ ਸਤਿ ਜਣਾਇਆ ਗਿਆ ਹੈ, ਕਿ ਜੋ ਮਨਮੁਖ, ਅਨਮਤੀ ਅਨਮਤੀਏ, 'ਗੁਰਮਤਿ-ਨਾਮ' ਨਹੀਂ ਜਪਦੇ, ਤਿਨ੍ਹਾਂ ਚੁਰਾਸੀ ਦੇ ਜੀਵਾਂ ਨੂੰ ਜ਼ਰੂਰ ਜੂਨਾਂ ਦੇ ਆਵਾ-ਗਉਣੀ ਪੁਆੜੇ ਵਿਚ ਪੈਣਾ ਪੈਂਦਾ ਹੈ। ਇਹ ਆਵਾ-ਗਉਣੀ ਪੁਆੜੇ ਤਦੇ ਹੀ ਮਿਟਦੇ ਹਨ, ਜੇ ਗੁਰਮਤਿ ਨਾਮ ਅਰਾਧ ਕੈ ਨਿਜ ਘਰ ਮਹਿਲੀ, ਅਗਾਧ ਸਹਿਜ ਸਮਾਧ ਵਿਚ ਇਸਥਿਤੀ ਹੋ ਜਾਵੇ ਜਿਥੇ ਪਹੁੰਚ ਕੇ, ਅਰਥਾਤ ਜਿਸ ਪੁਗਣੀ ਪੁਗ ਕੇ ਸਚੀਆਂ ਵਡਿਆਈਆਂ ਮਿਲਦੀਆਂ ਹਨ, ਅਤੇ 'ਸਦ ਖੁਸ਼ੀਆਂ ਸਦ ਚਾਉ' ਵਾਲੇ ਸਚੇ ਅਨੰਦ ਅਹਿਲਾਦੀ ਲਾਹੇ ਮਿਲਦੇ ਹਨ, ਅਤੇ ਮੁੱਖ ਉਜਲ ਹੁੰਦੇ ਹਨ। ਮੁਖ ਉਂਜਲਤਾਈਆਂ ਦੇ ਟਿਕੇ ਤਿਨ੍ਹਾਂ ਗੁਰਮੁਖਾਂ ਦੇ ਮੁਖ ਤੇ ਨਿਕਲਦੇ ਹਨ, ਜਿਨ੍ਹਾਂ ਦੇ ਮਨਾਂ ਅੰਦਰ ਸਚੇ ਨਾਮ ਦਾ ਨਿਵਾਸ ਧੁਰ ਤਾਈਂ ਓੜ ਨਿਭਦਾ ਹੈ; ਯਥਾ ਗੁਰਵਾਕ –

*ਜਿਥੈ ਮਿਲਹਿ ਵਡਿਆਈਆ*
*ਸਦ ਖੁਸੀਆ ਸਦ ਚਾਉ॥*
*ਤਿਨ ਮੁਖਿ ਟਿਕੇ ਨਿਕਲਹਿ*
*ਜਿਨ ਮਨਿ ਸਚਾ ਨਾਉ॥੨॥(੪॥੬)* *ਅੰਗ – ੧੯*

***'ਚਲਦਾ'***

# ਚਰਨ ਕਮਲ ਕੀ ਮਉਜ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

**ਦਿੱਬ ਦ੍ਰਿਸ਼ਟਾਈਆਂ ਅੱਖੀਆਂ ਤੇ ਕੰਨਾਂ ਦੇ ਕਪਾਟ ਖੁੱਲਣੇ**

ਚਰਨ ਕੰਵਲਾਂ ਦੇ ਮਉਜਾਰੀ ਜਨ ਨੂੰ ਚਰਨ ਕੰਵਲਾਂ ਦੇ ਰਸ-ਤੇਜ ਮਈ ਜੋਤਿ-ਜਗੰਨੇ ਦਰਸ਼ਨਾਂ ਦੀ ਪ੍ਰਾਪਤੀ ਹੋਣ ਨਾਲ ਹੀ ਪ੍ਰੀਤਮ ਦੀ ਸਮੱਗਰ ਪ੍ਰੇਮਾ ਭਗਤੀ ਦੀ ਬਿਧਿ, ਸੁਤੇ ਸੁਭਾਵ ਹੀ ਬਣਿ ਆਉਂਦੀ ਹੈ। ਜੈਸੇ ਕਿ ਇਸ ਅਗਲੇ ਗੁਰਵਾਕ ਅੰਦਰਿ ਨਿਰੂਪਨ ਹੈ -

*ਮੇਰੇ ਮਨ ਪ੍ਰੀਤਿ ਚਰਨ ਪ੍ਰਭ ਪਰਸਨ॥*
*ਰਸਨਾ ਹਰਿ ਹਰਿ ਭੋਜਨਿ ਤ੍ਰਿਪਤਾਨੀ ਅਖੀਅਨ ਕਉ ਸੰਤੋਖੁ ਪ੍ਰਭ ਦਰਸਨ॥੧॥ਰਹਾਉ॥*
*ਕਰਨਨਿ ਪੂਰਿ ਰਹਿਓ ਜਸੁ ਪ੍ਰੀਤਮ ਕਲਮਲ ਦੋਖ ਸਗਲ ਮਲ ਹਰਸਨ॥*
*ਪਾਵਨ ਧਾਵਨ ਸੁਆਮੀ ਸੁਖ ਪੰਥਾ ਅੰਗ ਸੰਗ ਕਾਇਆ ਸੰਤ ਸਰਸਨ॥੧॥*
*ਸਰਨਿ ਗਹੀ ਪੂਰਨ ਅਬਿਨਾਸੀ ਆਨ ਉਪਾਵ ਥਕਿਤ ਨਹੀਂ ਕਰਸਨ॥*
*ਕਰੁ ਗਹਿ ਲੀਏ ਨਾਨਕ ਜਨ ਅਪੁਨੇ ਅੰਧ ਘੋਰ ਸਾਗਰ ਨਹੀ ਮਰਸਨ॥੨॥੧੦॥੨੯॥ ਅੰਗ - ੧੨੦੩*

ਭਾਵ :- ਪ੍ਰੀਤਮ ਪ੍ਰਭੂ ਦੇ ਪਾਰਸ ਕਲਾ ਚੁੰਭਕੀ ਚਰਨ ਕੰਵਲ ਘਟ ਅੰਤਰ ਪਰਸਨ ਦੀ ਜੋਤਿ ਸਰਸਨੀ ਅਮਰ ਵਿਥਾਰਤਾ ਕਰਿ, ਰਸਨਾ ਨੂੰ ਨਾਮ ਰਟਣ ਦੀ ਹਰਿ-ਜੋਤਿ-ਰਹੱਸਨੀ ਸੁਤੇ ਸਫੂਰਤ ਚਾਬੀ ਲਗ ਜਾਂਦੀ ਹੈ ਅਤੇ ਇਹ ਰਸ ਅਮੀ ਅਹਿਲਾਦ ਦੇ ਬਿਸਮਾਦ ਸੁਆਦ ਗੀਧੀ ਰਸਨਾ, ਸਿਮਰਨ ਰੂਪੀ ਅੰਮ੍ਰਿਤ ਭੋਜਨ ਸੇਤੀ ਅਹਿਨਿਸ ਅਘਾਈ ਤ੍ਰਿਪਤਾਈ ਰਹਿੰਦੀ ਹੈ ਅਤੇ ਚਰਨ ਕੰਵਲ ਦੇ ਪਾਰਸ-ਪਰਸਨੀ ਪ੍ਰਭਾਵ ਕਰਿ, ਪ੍ਰਭ ਦਰਸ਼ਨ ਕਰਨ ਕਰਾਵਨਹਾਰੀ ਦਿੱਬ ਦ੍ਰਿਸ਼ਟੀ ਖੁਲ੍ਹ ਜਾਂਦੀ ਹੈ। ਇਹੋ ਅੱਖੀਆਂ ਦਿੱਬ ਦ੍ਰਿਸ਼ਟਾਈਆਂ, ਅਮੀ ਪ੍ਰੇਮ-ਕਟਾਕਸ਼ਾਈਆਂ ਅੱਖੀਆਂ ਹੋ ਜਾਂਦੀਆਂ ਹਨ। ਏਹਨਾਂ ਅੰਦਰ ਪ੍ਰੀਤਮ ਜੋਤੀ ਸਰੂਪ ਦੇ ਪਰਤੱਖ ਦਰਸ਼ਨ ਕਰਨ ਦੀ ਦਿੱਬਤਾ ਹੋਇ ਆਵੰਦੀ ਹੈ। ਫੇਰ ਤਾਂ ਇਹ ਅੱਖੀਆਂ ਦਰਸ਼ਨ, ਸਾਕਸ਼ਾਤ ਦਰਸ਼ਨ ਕਰਿ ਕਰਿ ਰਜਦੀਆਂ ਨਹੀਂ। ਅਹਿਨਿਸ ਏਹਨਾਂ ਦਿੱਬ-ਪਾਰਸ-ਰਸਾਇਣ-ਪ੍ਰਭੂਤੀ ਦਰਸ਼ਨਾਂ ਨਾਲ ਹੀ ਅੱਖੀਆਂ ਸੰਤੋਖੀਆਂ ਰਹਿੰਦੀਆਂ ਹਨ ਤੇ 'ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ' ਦੀ ਦਸ਼ਾ ਵਾਲੀਆਂ ਹੋ ਜਾਂਦੀਆਂ ਹਨ। ਚਰਨ ਕੰਵਲ ਪਰਸਨ ਦੇ ਪ੍ਰਭਾਵ ਕਰਿ ਵਣਾਂ ਅੰਦਰਿ ਪ੍ਰੀਤਮ ਦਾ ਅਨਹਤ-ਨਾਦੀ-ਅਖੰਡ ਜਸ ਕੀਰਤਨ ਸੁਣਾਈ ਦੇਣ ਲਗ ਪੈਂਦਾ ਹੈ ਅਤੇ ਸਦਾ ਅਖੰਡਾਕਾਰ ਲਿਵ-ਸਰੋਤਿ-ਧੁਨੀ ਵਿਚ ਸੁਣਾਈ ਦਿੰਦਾ ਰਹਿੰਦਾ ਹੈ, ਜਿਸ ਦੇ ਪਾਰਸ ਸੈਕਲੀ ਪ੍ਰਭਾਵ ਕਰਕੇ ਸਾਰੇ ਕਲਮਲ ਦੁੱਖ ਅਤੇ ਸਾਰੇ ਜਨਮ-ਜਨਮਾਂਤਰੀ ਮੈਲਾਂ-ਦੇ-ਕਾਲਖ-ਦਾਗ ਦੂਰ ਹੋ ਜਾਂਦੇ ਹਨ (ਉਤਰ ਜਾਂਦੇ ਹਨ, ਧੋਤੇ ਜਾਂਦੇ ਹਨ)। ਚਰਨ ਕੰਵਲ ਦੀ ਮਉਜ ਵਾਲੇ ਮਖ਼ਮੂਰ ਜਨ ਦੀ ਡਗਮਗ ਮਸਤਾਨੀ ਚਾਲ ਵਾਲੇ ਪਗ-ਪੰਕਜ, ਸੁਆਮੀ ਸਿਰਜਨਹਾਰ ਦੇ ਸੁਖ ਸੰਪਡੀ ਪੰਥ (ਮਾਰਗ) ਵਲ ਹੀ ਮਧੁਰ ਮਧੁਰ ਮਟਕ ਸਹਿਤ ਧਾਵੰਦੇ ਹਨ ਅਤੇ ਚਰਨ ਕੰਵਲ ਦੀ ਮਉਜ ਵਿਚ ਮਸਤ ਗੁਰਮੁਖ ਸਿਖ ਸੰਤ ਜਨਾਂ ਦੀ ਸਮੁੱਚੀ ਕਾਇਆਂ ਅੰਗ ਅੰਗ ਸਹਿਤ ਅਮਿਉ ਦਰਸ਼ਨਾਂ ਦੇ ਸੁਧਾਸਰ ਵਿਚ ਨਾਇ ਮਜਨਾਇ ਕੇ ਸਦਾ ਸਰਸੀ ਹਰਸੀ ਰਹਿੰਦੀ ਹੈ। ਇਸ ਬਿਧਿ ਅਬਿਨਾਸ਼ੀ ਕਰਤੇ ਪੁਰਖ ਪ੍ਰੀਤਮ ਦੀ ਪੂਰਨ ਸ਼ਰਨ ਵਿਚ ਸਮਾਈਦਾ ਹੈ ਅਤੇ ਇਹ ਪੂਰਨ ਸ਼ਰਨ ਗਹਿ ਕੇ ਆਨ ਉਪਾਵ ਧਾਵ ਅਤੇ ਕਰਨ ਕਰਾਵ ਵਲੋਂ ਰਹਿ ਖਲੋਈਦਾ ਤੇ ਥੱਕ-ਥੰਮ ਖਲੋਈਦਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਘਰ ਦੇ ਚਰਨ ਕੰਵਲ ਮੌਜੀ ਗੁਰਮੁਖ ਜਨਾਂ ਨੂੰ ਪ੍ਰੀਤਮ ਪਾਰਬ੍ਰਹਮ ਵਾਹਿਗੁਰੂ ਨੇ ਆਪ ਹੱਥ ਫੜ ਕੇ ਅਪਣਾਅ ਲਿਆ ਹੈ। ਐਸੇ ਜਨ ਫਿਰ ਅੰਧ-ਘੋਰ ਭਵ-ਸਾਗਰ ਵਿਚ ਡੁਬ ਕੇ ਨਹੀਂ ਕਰਦੇ।

ਜੋ ਸੰਤ ਜਨ, ਚਰਨ ਕੰਵਲ ਸਰਨਾਈ ਹੀ, ਐਨ ਪ੍ਰਾਇਨਤਾ ਸੇਤੀ ਪਏ (ਪੈ) ਰਹਿੰਦੇ ਹਨ, ਓਹਨਾਂ ਦਾ ਵਾਹਿਗੁਰੂ ਸਦਾ ਹੀ ਸਹਾਈ ਹੁੰਦਾ ਹੈ ਅਤੇ ਸਹਾਈ ਰਹਿੰਦਾ ਹੈ। ਯਥਾ ਗੁਰਵਾਕ -

*ਸੰਤ ਜਨਾ ਕਾ ਸਦਾ ਸਹਾਈ॥*

*ਚਰਨ ਕਮਲ ਨਾਨਕ ਸਰਣਾਈ॥੪॥੩੯॥੫੦॥*
*ਅੰਗ - ੮੯੮*

ਕੀ ਮਉਜ਼ ਦੇ ਰੰਗ ਵਿਚ ਰਤੜੇ ਰਹਿੰਦੇ ਹਨ, ਵਾਹਿਗੁਰੂ ਦੇ ਦਾਸ ਸੇਵਕ ਜਨ, ਅਤੇ ਓਹਨਾਂ ਦੀ ਵਾਹਿਗੁਰੂ ਆਪ ਪੈਜ ਰਖਦਾ ਹੈ। ਯਥਾ ਗੁਰਵਾਕ –

***ਚਰਣ ਕਮਲ ਨਾਨਕ ਰੰਗਿ ਰਾਤੇ ਹਰਿ ਦਾਸਹਿ ਪੈਜ ਰਖਾਈਐ॥੨॥੧੪॥੨੯॥ ਅੰਗ - ੫੦੦***

ਵਾਹਿਗੁਰੂ ਦੇ ਚਰਨ ਕੰਵਲ ਸਦਾ ਹੀ ਸੁਖਦਾਈ ਹਨ। ਚਰਨ-ਕੰਵਲ-ਪੁਜਾਰੀਆਂ ਮਉਜਾਰੀਆਂ ਦੀਆਂ ਹਰ ਪ੍ਰਕਾਰ ਦੀਆਂ ਮਨੋ ਕਾਮਨਾਵਾਂ ਇੱਛਿਆਵਾਂ ਨੂੰ ਮਨ-ਚਿੰਦੇ ਫਲ ਲਗਦੇ ਹਨ ਅਤੇ ਉਹਨਾਂ ਦੀ ਕੋਈ ਆਸ ਭੀ ਬਿਰਥੀ ਨਹੀਂ ਜਾਂਦੀ। ਯਥਾ ਗੁਰਵਾਕ –

***ਹਰਿ ਕੇ ਚਰਨ ਸਦਾ ਸੁਖਦਾਈ॥***
***ਜੋ ਇਛਹਿ ਸੋਈ ਫਲੁ ਪਾਵਹਿ***
***ਬਿਰਥੀ ਆਸ ਨ ਜਾਈ॥੧॥ਰਹਾਉ॥੧੫॥੭੯॥***
***ਅੰਗ - ੬੨੮***

ਚਰਨ ਕੰਵਲ ਰਿਦੈ-ਉਧਾਰਨੀ-ਸਿਮਰਨ (ਵਾਹਿਗੁਰੂ ਦਾ) ਸਭਿ ਕਿਲਵਿਖ ਦੁਖ ਕਟਣਹਾਰ ਹੈ। ਯਥਾ ਗੁਰਵਾਕ –

***ਹਰਿ ਕੇ ਚਰਣ ਰਿਦੈ ਉਰਿ ਧਾਰਿ॥***
***ਸਦਾ ਸਦਾ ਪ੍ਰਭੁ ਸਿਮਰੀਐ ਭਾਈ ਦੁਖ ਕਿਲਬਿਖ ਕਾਟਣਹਾਰੁ॥੧॥ਰਹਾਉ॥੧੯॥੪੭॥ ਅੰਗ - ੬੨੦***

ਚਰਨ ਕੰਵਲ ਆਧਾਰਨੀ ਮਉਜ਼ ਦੀ ਬਚਿਤਰ ਮਹਿਮਾ ਹੇਠਲਾ ਗੁਰਵਾਕ ਕਿਆ ਖੂਬ ਕਰਦਾ ਹੈ –

***ਸੰਚਨਿ ਕਰਉ ਨਾਮ ਧਨੁ ਨਿਰਮਲ ਥਾਤੀ ਅਗਮ ਅਪਾਰ॥***
***ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ ਪਰਵਾਰ॥੧॥***
***ਹਰਿ ਕੇ ਚਰਨ ਕਮਲ ਆਧਾਰ॥***
***ਸੰਤ ਪ੍ਰਸਾਦਿ ਪਾਇਓ ਸਚੁ ਬੋਹਿਥੁ ਚੜਿ ਲੰਘਉ ਬਿਖੁ ਸੰਸਾਰੁ॥੧॥ਰਹਾਉ॥***
***ਭਏ ਕ੍ਰਿਪਾਲ ਪੂਰਨ ਅਬਿਨਾਸੀ ਆਪਹਿ ਕੀਨੀ ਸਾਰ॥***
***ਪੇਖਿ ਪੇਖਿ ਨਾਨਕ ਬਿਗਸਾਨੋ ਨਾਨਕ ਨਹੀ ਸੁਮਾਰ॥੨॥੧੦॥੩੮॥ ਅੰਗ - ੬੧੮***

**ਵਿਆਖਿਆ** – ਅਥਾਹ ਅਭਿਆਸ ਕਮਾਈ ਦੁਆਰਾ ਨਾਮ ਰੂਪੀ ਸੱਚੇ ਧਨ ਦਾ ਇਕੱਤਰ ਕੀਤਾ ਹੋਇਆ ਖ਼ਜ਼ਾਨਾ, ਚਰਨ ਕੰਵਲ ਆਧਾਰ ਮਈ ਅਗਮ ਅਪਾਰ ਅਤੇ ਅਖੁੱਟ ਪੂੰਜੀ ਹੈ, ਜਿਸ ਦੀ ਬਰਕਤ ਕਰਕੇ ਅਤੇ ਜਿਸ ਨੂੰ ਭੁੰਚ ਕੇ ਚਰਨ ਕੰਵਲ-ਆਧਾਰੀ ਨਾਮ ਨਿਰੰਕਾਰੀ ਦੇ ਅਭਿਆਸੀ ਜਨਾਂ ਦੇ ਸਮੂਹ ਸਿਖ ਪਰਵਾਰ, ਆਤਮ-ਸੁਖ ਮਈ ਆਨੰਦ ਬਿਨੋਦੀ ਰੰਗ-ਰਲੀਆਂ ਮਾਣਦੇ ਹਨ ਅਤੇ ਸਦ-ਜੀਵਨੀ ਅਮਰ ਜੀਵਨ ਬਤੀਤ ਕਰਦੇ ਹਨ। ਵਾਹਿਗੁਰੂ ਦੇ ਚਰਨ ਕੰਵਲਾਂ ਦੇ ਆਧਾਰ ਦਾ ਸੱਚਾ ਬੋਹਿਥਾ, ਜਿਨ੍ਹਾਂ ਨੂੰ ਸਤਿਸੰਗਤ ਸਤਿਗੁਰੂ ਦੇ ਪ੍ਰਸਾਦਿ ਕਰਕੇ ਮਿਲ ਗਿਆ ਹੈ, ਓਹ ਇਸ ਬੋਹਿਥ ਤੇ ਚੜ੍ਹ ਕੇ ਬਿਖ-ਸੰਸਾਰ ਤੋਂ ਪਾਰ ਉਤਰ ਗਏ ਹਨ। ਅਤੇ ਜੋ ਕੋਈ ਭੀ ਇਸ ਬੋਹਿਥ ਤੇ ਚੜ੍ਹੇਗਾ ਸੋ ਅਵੱਸ਼ ਭਵਜਲ ਤੋਂ ਪਾਰ ਪਵੇਗਾ। ਅਬਿਨਾਸ਼ੀ ਕਰਤਾ ਪੁਰਖ ਪੂਰਨ ਕਿਰਪਾਲੂ ਦਿਆਲੂ ਹੋ ਕੇ ਆਪ ਹੀ ਆਪਣੇ ਭਗਤ ਜਨਾਂ ਦੀ ਸਾਰ ਲੈਂਦਾ ਹੈ। ਸਾਰ ਭੀ ਲੈਂਦਾ ਹੈ ਤਾਂ ਸਨਮੁਖ ਸਾਂਗੋ ਪਾਂਗ ਖਲੋ ਕੇ, ਵਿਚ ਖਲੋ ਕੇ ਲੈਂਦਾ ਹੈ। ਕਰਤੇ ਪੁਰਖ ਨੂੰ ਵਿਚ, ਦਿੱਬ ਲੋਇਣਾਂ ਦੇ ਸਨਮੁਖ ਖਲੋਤਾ ਦੇਖ ਕੇ ਭਗਤ ਜਨ ਵਿਗਸ ਵਿਗਸ ਕੇ ਐਤਨਾ ਆਨੰਦਤ ਹੁੰਦੇ ਹਨ ਕਿ ਉਸ ਆਨੰਦ-ਵਿਗਾਸ ਦਾ ਸ਼ੁਮਾਰ ਪਾਰਾਵਾਰ ਹੀ ਨਹੀਂ ਪਾਇਆ ਜਾ ਸਕਦਾ।

ਸੱਚ ਮੁੱਚ ਚਰਨ ਕੰਵਲ ਕੀ ਮਉਜ਼ ਦਾ ਅਨੰਦ ਅਕਹਿ ਹੈ। ਕੋਈ ਕਹੇ ਤਾਂ ਕੀ ਕਹੇ? ਜਿਨ੍ਹਾਂ ਨੇ ਇਹ ਅਨੰਦ ਮਾਣਿਆ ਨਹੀਂ, ਓਹਨਾਂ ਨੂੰ ਪਤੀਜ ਕਿਵੇਂ ਆਵੇ? ਕਹਿਣ ਮਾਤਰ ਤੋਂ ਕੋਈ ਨਹੀਂ ਪਤਿਆਉਂਦਾ, ਜਦ ਤਾਈਂ ਕਿ ਓਹ ਖ਼ੁਦ ਤਜਰਬਾ ਕਰ ਕੇ ਨਾ ਦੇਖ ਲਵੇ। ਬਾਹਜ ਦ੍ਰਿਸ਼ਟੀ ਵਾਲਿਆਂ ਨੂੰ ਬਾਹਜ ਪਦਾਰਥਾਂ ਦੀ ਹੋਂਦ ਉਤੇ ਹੀ ਪ੍ਰਤੀਤ ਆਉਂਦੀ ਹੈ। ਦਿੱਬ ਪਦਾਰਥਾਂ ਨੂੰ ਦਿੱਬ ਦ੍ਰਿਸ਼ਟੀ ਹੀ ਤਹਿਕੀਕ (ਪਛਾਣ) ਕਰ ਸਕਦੀ ਹੈ। ਬਾਹਜ ਮੁਖੀ ਦ੍ਰਿਸ਼ਟੀ ਵਾਲਿਆਂ ਦੇ ਨਿਕਟ ਹੱਡ, ਚੰਮ, ਮਾਸ ਵਾਲੇ ਚਰਨਾਂ ਤੋਂ ਛੁਟ ਦਿਬ ਮੂਰਤਿ, ਜੋਤਿ ਮੂਰਤਿ ਚਰਨਾਂ ਦੀ ਹੋਂਦ ਅਣਹੋਂਦ ਹੈ, ਪਰੰਤੂ ਜਿਨ੍ਹਾਂ ਵਡਭਾਗੇ ਗੁਰਮੁਖ ਜਨਾਂ ਦੀ ਨਾਮ ਅਭਿਆਸ ਕਮਾਈ ਦੁਆਰਾ ਅੰਤਰ-ਆਤਮੇ ਦੀ ਦਿੱਬ ਦ੍ਰਿਸ਼ਟੀ ਖੁੱਲ੍ਹ ਗਈ ਹੈ, ਓਹਨਾਂ ਨੂੰ ਜੋਤਿ ਕ੍ਰਾਂਤੀ ਦਿਬ ਲਤੀਫ਼ੀ ਚਰਨ ਕੰਵਲਾਂ ਦੇ ਝਲਕਾਰੇ ਖਿਨ ਖਿਨ ਘਟ ਅੰਤਰ ਹੀ ਵਜਦੇ ਰਹਿੰਦੇ ਹਨ। ਉਹ ਸਦੀਵ ਹੀ ਮਹਾਂ ਆਨੰਦ ਬਿਨੋਦੀ ਆਤਮ-ਕੇਲ-ਰੰਗਾਂ ਵਿਚ ਚਰਨ ਕੰਵਲਾਂ ਦੀ ਮਉਜ ਦਾ ਲੁਤਫ਼ ਲੈਂਦੇ ਰਹਿੰਦੇ ਹਨ। ਯਥਾ ਗੁਰਵਾਕ –

***ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ॥***
***ਸਭਿ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ॥੨੩੪॥ ਅੰਗ - ੧੩੭੭***

ਦੇ ਗੁਰਵਾਕ ਅਨੁਸਾਰ ਆਪਣਾ ਗੁਪਤ ਆਤਮ-ਅਨੰਦ ਕੋਲ ਰਚਾਈ ਰਖਦੇ ਹਨ ਅਤੇ ਕਿਸੇ ਨੂੰ ਲਖਾਉਂਦੇ ਜਣਾਉਂਦੇ ਨਹੀਂ। ਏਹ ਓਹਨਾਂ ਦੀ ਅਜਰ ਜਰਨ ਅਵਸਥਾ ਦੀ ਤਤ-ਲਖਤ-ਪਰਖ-ਕਸਉਟੀ ਹੈ ਅਤੇ ਚਰਨ ਕੰਵਲ ਦੀ ਮਉਜ ਦਾ ਅਜਰ ਜਰਿਆ ਅਉਜ ਹੈ।

*(ਪੁਸਤਕ 'ਚਰਨ ਕਮਲ ਕੀ ਮਉਜ਼' ਵਿਚੋਂ)*

# ਧਿਆਨ ਦੀ ਮਹੱਤਤਾ

*[ਪ੍ਰਿੰਸੀਪਲ ਸੱਜਣ ਸਿੰਘ ਜੀ]*

ਫੁਰਨਿਆਂ ਰਹਿਤ ਮਨ ਦੀ ਅਵਸਥਾ, ਅਟੁੱਟ ਲਿਵ, ਨਾ ਉਖੜਨ ਵਾਲੀ ਸੁਰਤੀ ਅਤੇ ਲਗਾਤਾਰ ਅਨੰਦ-ਮਈ ਬਿਰਤੀ ਸਦਕਾ ਹੀ ਅੰਮ੍ਰਿਤ-ਭਿੰਨੇ ਸਹਿਜ ਧਿਆਨ ਦਾ ਬਿਰਵਾ ਪ੍ਰਫੁਲਤ ਹੁੰਦਾ ਹੈ। ਮਨ ਦੀ ਹਾਜ਼ਰੀ ਬਿਨਾਂ ਧਿਆਨ ਕਿਸੇ ਲੇਖੇ ਨਹੀਂ। ਪੰਜੇ ਗਿਆਨ ਇੰਦਰਿਆਂ ਤੇ ਪੰਜੇ ਕਰਮ ਇੰਦਰਿਆਂ ਦੀ ਸਫਲ ਵਰਤੋਂ ਕੇਵਲ ਸੁਰਤੀ ਤੇ ਧਿਆਨ ਬਦੌਲਤ ਹੈ, ਜਿਸ ਤੋਂ ਬਿਨਾਂ ਸਾਰੀ ਘਾਲ ਕਮਾਈ ਕੋਹਲੂ ਦੇ ਬਲਦ ਵਾਂਗ ਅਜਾਈਂ ਜਾ ਸਕਦੀ ਹੈ।

ਭਟਕਦੇ ਮਨ ਨੂੰ ਇਕ ਥਾਂ ਟਿਕਾਉਣਾ ਕੇਵਲ ਇਕਾਗਰਤਾ ਹੈ, ਪਰ ਇਕਾਗਰ ਮਨ ਨਾਲ ਪ੍ਰਭੂ-ਚਰਨਾਂ ਨਾਲ ਜੁੜਨ ਦੀ ਅਵਸਥਾ ਦਾ ਨਾਮ ਸਮਾਧੀ ਹੈ। ਇਹ ਸਹਜ ਧਿਆਨ ਦੀ ਅਵਸਥਾ ਹੈ, ਜਦ ਮਨ ਪੂਰਨ ਟਿਕਾਉ ਵਿਚ, ਫੁਰਨਿਆਂ ਤੋਂ ਰਹਿਤ ਤੇ ਅਕਾਲ ਪੁਰਖ ਦੇ ਚਰਨ-ਕੰਵਲਾਂ ਵਿਚ ਲੀਨ ਹੁੰਦਾ ਹੈ।

ਸਤਿਗੁਰੂ ਨਾਨਕ ਦੇਵ ਸਾਹਿਬ ਨੇ ਪਹਿਲਾ ਰੱਬੀ ਉਪਦੇਸ਼ ਧਿਆਨ ਦੀ ਵਿਸ਼ੇਸ਼ਤਾ ਦਿੜਾਉਣ ਲਈ ਕੀਤਾ। ਨਵਾਬ ਤੇ ਕਾਜ਼ੀ ਦੇ ਨਾਲ ਮਸੀਤ ਵਿਚ ਨਮਾਜ਼ ਪੜ੍ਹਨ ਜਾਣਾ ਕੋਈ ਸਾਧਾਰਨ ਘਟਨਾ ਨਹੀਂ ਸੀ। ਇਹ ਬਾਹਰ-ਮੁਖੀ ਨੂੰ ਅੰਤਰ-ਮੁਖੀ ਬਣਾਉਣ ਦਾ ਪ੍ਰਯੋਜਨ ਸੀ। ਉਹ ਦੋਨੋਂ ਅੱਲਾ ਨਾਲ ਇੱਕ-ਮਿੱਕ ਹੋਣ ਦੀ ਥਾਂ, ਆਪੋ ਆਪਣੀ ਸਰੀਰਕ ਅਹਿੱਲੜਾ ਨੂੰ ਵੇਖ ਰਹੇ ਸਨ, ਜਦ ਕਿ ਗੁਰਦੇਵ ਉਨ੍ਹਾਂ ਦੇ ਬੇ-ਮੁਹਾਰੇ ਧਿਆਨ ਨੂੰ ਘੋੜਿਆਂ ਵਲ ਤੇ ਘਰ ਵਿਚ ਪੁੱਟੀ ਹੋਈ ਖੂਹੀ ਵਲ ਪਰਵਾਜ਼ ਕਰਦਿਆਂ ਤੱਕ ਰਹੇ ਸਨ। ਸਤਿਗੁਰੂ ਨੇ ਨਮਾਜ਼ ਵਿਚ ਨਾ ਸ਼ਾਮਲ ਹੋਣ ਦਾ ਕਾਰਨ ਬੇ-ਧੜਕ ਹੋ ਕੇ ਸਾਫ ਸ਼ਬਦਾਂ ਵਿਚ ਕਹਿ ਦਿੱਤਾ। ਦੋਨੋਂ ਸ਼ਰਮਿੰਦੇ ਹੋ ਗਏ, ਪਰ ਸਿਆਣੇ ਸਨ, ਰਮਜ਼ ਸਮਝ ਗਏ ਤੇ ਆਪ ਦੀ ਅੰਤਰਯਾਮਤਾ ਅੱਗੇ ਝੁਕ ਗਏ।ਹਜ਼ੂਰ ਨੇ ਪਾਵਨ ਉਪਦੇਸ਼ ਦਿੱਤਾ ਕਿ ਅੱਲਾ ਦੀ ਦਰਗਾਹ ਵਿਚ ਰਸਾਈ ਤੇ ਰਹਿਮਤ ਜਿਸਮ ਦੀ ਹਾਜ਼ਰੀ ਨਾਲ ਨਹੀਂ, ਬਲਕਿ ਮਨ ਦੀ ਹਾਜ਼ਰੀ ਨਾਲ ਹੁੰਦੀ ਹੈ। ਗੁਰਵਾਕ ਹੈ -

*ਗੁਰੁ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ॥*
*ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ॥੨੦੪॥*
*ਅੰਗ - ੮੪*

ਪਰ ਇਹ ਸਮੱਸਿਆ ਕੇਵਲ ਕਾਜ਼ੀਆਂ ਤੇ ਜੋਗੀਆਂ ਦੀ ਹੀ ਨਹੀਂ, ਇਹ ਸਰਬ-ਸਾਂਝੀ ਸਮੱਸਿਆ ਹੈ, ਜਿਸ ਦੇ ਅਸੀਂ ਵੀ ਸ਼ਿਕਾਰ ਹਾਂ। ਜਦ ਅਸੀਂ ਪਾਠ ਜਾਂ ਕੀਰਤਨ ਕਰਦਿਆਂ ਸੁਣਦਿਆਂ ਆਪਣੇ ਅੰਦਰ ਝਾਤੀ ਮਾਰਦੇ ਹਾਂ ਤਾਂ ਰਸਨਾ, ਕੰਨਾਂ ਤੇ ਧਿਆਨ ਦੇ ਸੰਗਮ ਦੀ ਖਿੰਡਰੀ ਹੋਈ ਦਸ਼ਾ ਤੱਕ ਕੇ ਆਪਣੇ ਆਪ ਵਿਚ ਕਿੰਨੇ ਸ਼ਰਮਸਾਰ ਹੁੰਦੇ ਹਾਂ। ਫਿਰ ਵੀ ਅਸੀਂ ਸੁਭਾਗੇ ਹਾਂ ਕਿ ਸਾਨੂੰ ਪ੍ਰਕਾਸ਼ਮਈ ਗੁਰਬਾਣੀ ਦਾ ਮਾਰਗ-ਦਰਸ਼ਨ ਪ੍ਰਾਪਤ ਹੈ, ਜਿਸ ਦੁਆਰਾ ਅਗਿਆਨਤਾ ਦੇ ਪੜਦੇ ਸਹਜੇ ਹੀ ਕੱਟੇ ਜਾ ਸਕਦੇ ਹਨ। ਸਤਿਗੁਰੂ ਨੇ ਧਾਵਤ ਮਨ ਨੂੰ ਥੰਮ੍ਹਣ ਲਈ ਕਈ ਜੁਗਤੀਆਂ ਦੱਸੀਆਂ ਹਨ, ਜਿਨ੍ਹਾਂ ਵਿਚੋਂ ਇਕ ਜੁਗਤੀ ਨਿਸ਼ਕਾਮ ਸੇਵਾ ਹੈ, ਜਿਹੜੀ ਹਉਮੈ ਦਾ ਕੰਡਾ ਨਵਿਰਤ ਕਰਕੇ ਮਨ ਨੂੰ ਨਿਮਰ ਕਰਦੀ ਹੈ। ਸ੍ਰੀ ਗੁਰੂ ਅਮਰਦਾਸ ਜੀ, ਸੇਵਾ ਦੇ ਪੁੰਜ, ਫ਼ੁਰਮਾਉਂਦੇ ਹਨ -

*ਅਪਣਾ ਆਪੁ ਨ ਪਛਾਣਈ ਹਰਿ ਪ੍ਰਭੁ ਜਾਤਾ ਦੂਰਿ॥*
*ਗੁਰ ਕੀ ਸੇਵਾ ਵਿਸਰੀ ਕਿਉ ਮਨੁ ਰਹੈ ਹਜੂਰਿ॥*
*ਮਨਮੁਖਿ ਜਨਮੁ ਗਵਾਇਆ ਝੂਠੈ ਲਾਲਚਿ ਕੂਰਿ॥*
*ਨਾਨਕ ਬਖਸਿ ਮਿਲਾਇਅਨੁ ਸਚੈ ਸਬਦਿ ਹਦੂਰਿ॥*
*ਅੰਗ - ੮੫੪*

ਧਿਆਨ ਇਕ ਐਸਾ ਮਾਧਿਅਮ ਹੈ ਜਿਸ ਰਾਹੀਂ ਸਾਡੀਆਂ ਅਰਦਾਸਾਂ, ਫ਼ਰਿਆਦਾਂ, ਬੇਨਤੀਆਂ ਤੇ ਅਣ-ਬੋਲੀਆਂ ਗੁੱਝੀਆਂ ਰਮਜ਼ਾਂ ਅਕਾਲ ਪੁਰਖ ਤਕ ਪਹੁੰਚਦੀਆਂ ਹਨ, ਘਟ

ਅੰਦਰ ਬ੍ਰਹਿਮੰਡ ਦਾ ਪਸਾਰਾ ਪ੍ਰਗਟ ਹੋਇ ਆਉਂਦਾ ਹੈ। ਦੂਰ ਬੈਠੇ ਬੇਕਸਾਂ, ਮਜ਼ਲੂਮਾਂ ਦੀਆਂ ਪੁਕਾਰਾਂ, ਅਚਾਨਕ ਸੰਕਟ ਵਿਚ ਫਸੇ ਸੇਵਕਾਂ ਦੀਆਂ ਜੋਦੜੀਆਂ ਸਤਿਗੁਰੂ ਤਾਈਂ ਪਹੁੰਚਦੀਆਂ ਹਨ। ਦਰੋਪਤੀ, ਭਾਈ ਬਿਧੀ ਚੰਦ, ਬੀਬੀ ਨਾਨਕੀ ਦੀਆਂ ਸਾਖੀਆਂ ਉਦਾਹਰਨ ਦੇ ਰੂਪ ਵਿਚ ਹਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਦੂਰ ਬੈਠੇ ਗੁਰਸਿੱਖ ਬੱਚੇ ਦੇ ਕੇਸਾਂ ਨੂੰ ਕਤਲ ਹੋਣ ਤੋਂ ਬਚਾਉਣ ਲਈ ਸੁਰਤੀ ਦੁਆਰਾ ਕਾਰ ਕੱਢ ਕੇ ਨਾਈ ਨੂੰ ਕੁਕਰਮ ਕਰਨ ਤੋਂ ਵਰਜਦੇ ਹਨ।

ਪ੍ਰਾਣੀ ਦੇ ਅੰਤਮ ਸਮੇਂ ਦੇ ਧਿਆਨ ਬਾਰੇ ਗੁਰਬਾਣੀ ਵਿਚ ਸਪੱਸ਼ਟ ਤੇ ਸੁੰਦਰ ਵਿਚਾਰ ਅੰਕਤ ਹਨ। ਇਕ ਮਾਇਆਧਾਰੀ, ਜਿਸ ਦੀ ਸਾਰੀ ਆਯੂ ਯੋਗ ਅਯੋਗ ਤਰੀਕੇ ਨਾਲ ਧਨ ਸੰਚਣ ਵਿਚ ਬੀਤੀ ਹੋਵੇ, ਦੀ ਸੁਰਤੀ ਮਰਨ ਸਮੇਂ ਬਾਰ ਬਾਰ ਧਨ ਵਲ ਹੀ ਜਾਵੇਗੀ, ਭਾਵੇਂ ਉਹ ਜਾਣਦਾ ਹੈ ਕਿ ਇਹ ਸਾਰਾ ਧਨ ਸੰਬੰਧੀਆਂ ਨੇ ਸਾਂਭਣਾ ਹੈ। ਇਸ ਪ੍ਰਤੀ ਗੁਰਵਾਕ ਹੈ -

*ਜਿਉ ਉਲਝਾਇਓ ਬਾਧ-ਬੁਧਿ ਕਾ ਮਰਤਿਆਂ ਨਹੀਂ ਬਿਸਰਾਨੀ॥੪॥*
*ਭਾਈ ਮੀਤ ਬੰਧਪ ਸਖੇ ਪਾਛੇ ਤਿਨਹੂ ਕਉ ਸੰਪਾਨੀ॥੫॥*
*ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ॥੬॥*
*ਅੰਗ - ੨੪੨*

ਤ੍ਰਿਲੋਚਨ ਭਗਤ ਜੀ ਨੇ ਇਸ ਸੱਚਾਈ ਨੂੰ ਇਸ ਤਰ੍ਹਾਂ ਸਰਲ ਉਦਾਹਰਨ ਦੁਆਰਾ ਬਿਆਨ ਕੀਤਾ ਹੈ ਕਿ ਅੰਤਿ ਕਾਲ ਜਿਸ ਦਾ ਧਿਆਨ ਧਨ, ਇਸਤ੍ਰੀ, ਲੜਕੇ ਤੇ ਮਕਾਨ ਵਿਚ ਉਲਝ ਜਾਂਦਾ ਹੈ ਉਹ ਸੱਪ, ਵੇਸਵਾ, ਸੂਅਰ ਤੇ ਭੂਤ ਪ੍ਰੇਤ ਦੀਆਂ ਜੂਨਾਂ ਵਿਚ ਪੈਂਦਾ ਹੈ। ਇਸ ਦੇ ਵਿਪਰੀਤ ਜਿਹੜਾ ਜੀਵ ਨਰਾਇਣ ਨੂੰ ਸਿਮਰਦਾ ਹੈ, ਉਹ ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ। ਭਗਤ ਜੀ ਦਾ ਇਹ ਸ਼ਬਦ ਗੂਜਰੀ ਰਾਗ ਵਿਚ ਪੰ. ੫੨੬ ਉਤੇ ਹੈ। ਭਗਤ ਜਨ ਅਨੇਕ ਸਾਧਨਾ ਦੁਆਰਾ ਧਿਆਨ-ਪ੍ਰਪੱਕਤਾ ਲਈ ਯਤਨ ਕਰਦੇ ਹਨ ਕਿ ਅੰਤਮ ਸਮੇਂ ਬਿਰਤੀ ਅਕਾਲ ਪੁਰਖ ਦੇ ਚਰਨਾਂ ਨਾਲ ਜੁੜ ਜਾਵੇ ਤੇ ਟਿਕੀ ਰਹੇ। ਅਸੀਂ ਸੰਸਾਰੀ ਲੋਕ ਜੇ ਸੌਣ ਵੇਲੇ ਆਪਣੇ ਭਟਕਦੇ ਮਨ ਨੂੰ ਬੰਨ੍ਹ ਕੇ ਵਾਹਿਗੁਰੂ ਨਾਮ ਨਾਲ ਨਹੀਂ ਜੋੜ ਸਕਦੇ ਤਾਂ ਮਰਨ ਲੱਗਿਆਂ, ਭਿਆਨਕ ਕਾਲ ਤੋਂ ਸਹਿਮੇ ਹੋਏ, ਗੁਰ-ਚਰਨਾਂ ਵਿਚ ਸੁਰਤੀ ਲਾਉਣ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ? ਉਸ ਵੇਲੇ ਧਿਆਨ ਜੋੜਨਾ, ਇਕ-ਮਨ ਹੋਇ ਕੇ ਕੀਰਤਨ-ਪਾਠ ਸੁਣਨਾ ਬਹੁਤ ਕਠਨ ਹੁੰਦਾ ਹੈ। ਗੁਰਦੇਵ ਫੁਰਮਾਉਂਦੇ ਹਨ -

*ਨਾ ਤਿਸੁ ਰੂਪੁ ਨ ਰੇਖਿਆ ਕਾਈ॥*
*ਅੰਤਿ ਨ ਸਾਹਿਬੁ ਸਿਮਰਿਆ ਜਾਈ॥੩॥(੮॥੧)*
*ਅੰਗ - ੨੫੦*

ਭਟਕਦੇ ਮਨ ਦੀਆਂ ਤਰੰਗਾਂ ਨੂੰ ਸ਼ਾਂਤ ਕਰਨਾ, ਧਿਆਨ ਲਗਾਉਣਾ ਤੇ ਸੁਰਤਿ ਟਿਕਾਉਣੀ, ਇਹ ਯਾਦ ਰੱਖਣ ਵਾਲੀਆਂ ਗੱਲਾਂ ਨਹੀਂ, ਇਹ ਲਗਾਤਾਰ ਨਾਮ ਅਭਿਆਸ ਦੁਆਰਾ ਅਮਲ ਵਿਚ ਲਿਆਉਣ ਵਾਲੇ ਕਰਮ ਹਨ। ਇਹ ਭੁਲੇਖਾ ਹੈ ਕਿ ਅਸੀਂ ਅੰਤਮ ਸਮੇਂ ਵਾਹਿਗੁਰੂ ਨਾਲ ਜੁੜ ਜਾਵਾਂਗੇ। ਜੋ ਕੁਝ ਅਸੀਂ ਸਾਰੀ ਜ਼ਿੰਦਗੀ ਵਿਚ ਬੀਜਿਆ ਹੁੰਦਾ ਹੈ, ਅੰਤ ਨੂੰ ਉਹੀ ਪ੍ਰਗਟ ਹੋਇ ਆਉਂਦਾ ਹੈ। ਭਾਈ ਗੁਰਦਾਸ ਜੀ ਅਨੇਕ ਯੁਕਤੀਆਂ ਤੇ ਉਦਾਹਰਨਾਂ ਦੁਆਰਾ ਹੇਠ ਲਿਖੇ ਕਬਿੱਤ ਵਿਚ ਗੁਰਬਾਣੀ ਦੇ ਉਪਰੋਕਤ ਸਿਧਾਂਤ ਦੀ ਪ੍ਰੋੜਤਾ ਕਰਦੇ ਹਨ -

*ਜੈਸੇ ਘਰਿ ਲਾਗੈ ਆਗਿ, ਜਾਗਿ ਕੂਆ ਖਦਯੋ ਚਾਹੈ,*
*ਕਾਰਜ ਨ ਸਿਧਿ ਹੋਇ, ਰੋਇ ਪਛੁਤਾਈਐ॥*
*ਜੈਸੇ ਤਉ ਸੰਗ੍ਰਾਮ ਸਮੇਂ ਸੀਖਿਓ ਚਾਹੈ ਬੀਰ ਬਿਦਿਆ,*
*ਅਨਿਥਾ ਉਦਮ ਜੈਤ ਪਦਵੀ ਨ ਪਾਈਐ॥*
*ਜੈਸੇ ਨਿਸਿ ਸੋਵਤ, ਸੰਗਾਤੀ ਚਲਿ ਜਾਤਿ ਪਾਛੇ, ਭੋਰ ਭਏ ਭਾਰ ਬਾਂਧ, ਚਲੇ ਕਤ ਜਾਈਐ॥*
*ਤੈਸੇ ਮਾਇਆ ਧੰਧ, ਅੰਧ, ਅਵਧਿ ਬਿਹਾਇ ਜਾਇ,*
*ਅੰਤਿਕਾਲ ਕੈਸੇ ਹਰਿ ਨਾਮੁ ਲਿਵ ਲਾਈਐ॥੪੯੫॥*

ਇਥੇ ਤਸਵੀਰ ਦਾ ਇਕ ਹੋਰ ਪਹਿਲੂ ਸਾਡੇ ਸਾਹਮਣੇ ਆ ਜਾਂਦਾ ਹੈ ਕਿ ਸਾਰੀ ਉਮਰ ਪਾਪ-ਕਰਮ ਕਮਾਉਣ ਵਾਲੇ ਭ੍ਰਿਸ਼ਟ-ਬੁਧੀ ਵਾਲਿਆਂ ਦਾ ਫਿਰ ਕਿਵੇਂ ਨਿਸਤਾਰਾ ਹੋਇਆ, ਜਿਹਾ ਕਿ ਧਾੜੇ ਮਰਨ ਵਾਲਾ ਬਾਲਮੀਕ ਬਟਵਾਰਾ, ਵੇਸਵਾ-ਗਾਮੀ ਅਜਾਮਲ ਪਾਪੀ, ਸਧਨਾ ਕਸਾਈ, ਪਾਪਾਂ ਦਾ ਗਲ ਹਾਰ ਪ੍ਰੋਣ ਵਾਲੀ ਵੇਸਵਾ ਆਦਿ ਦਾ ਪਾਰ-ਉਤਾਰਾ ਹੋਣ ਦੀ ਸ਼ਾਅਦੀ ਗੁਰਬਾਣੀ ਚੋਂ ਮਿਲਦੀ ਹੈ? ਇਸ ਦਾ ਉਤਰ ਇਹੋ ਹੈ ਕਿ ਅਜਿਹੇ ਪ੍ਰਾਣੀਆਂ ਦੇ ਪਿਛਲੇ ਜਨਮਾਂ ਦੇ ਕੀਤੇ ਹੋਏ ਕੋਈ ਮਹਾਨ ਪ੍ਰਬਲ ਕਰਮ ਸਨ, ਜਿਹੜੇ ਅੰਤ ਵੇਲੇ ਆ ਉਦੇ ਹੋਏ ਤੇ ਕਿਸੇ ਨਾ ਕਿਸੇ ਹੀਲੇ ਨਾਲ ਉਨ੍ਹਾਂ ਦੀ ਲਿਵ ਪ੍ਰਭੂ ਨਾਲ ਜਾ ਜੁੜੀ, ਜਿਸ ਸਦਕਾ ਸੰਸਾਰ ਸਾਗਰ ਤੋਂ ਉਹ ਤਰ ਗਏ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ,*
*ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥*
*ਅੰਗ - ੨੦੪*

ਜਿਸ ਧਿਆਨ ਦੁਆਰਾ ਮਨ ਇਕਾਗਰ ਹੋ ਕੇ ਬਲਵਾਨ ਹੁੰਦਾ ਹੈ, ਸਥਿਰਤਾ ਕਾਇਮ ਹੁੰਦੀ ਹੈ, ਸੰਕਲਪ ਸ਼ਕਤੀ ਪ੍ਰਫੁੱਲਤ ਹੁੰਦੀ ਹੈ, ਮੋਹ ਦੇ ਪੈਰ ਉੱਖੜਦੇ ਹਨ, ਸਰੀਰਕ ਤੇ ਮਾਨਸਕ ਰੋਗਾਂ ਦਾ ਘਾਣ ਹੁੰਦਾ ਹੈ, ਉਸ ਧਿਆਨ ਨੂੰ ਅਨੇਕਾਂ ਭੁਲੜ ਸਾਧਕਾਂ ਨੇ ਗੁਰੂ-ਡੰਮ ਦੇ ਪਾਜ ਅਧੀਨ ਅਤੇ ਲਾਲਚ-ਵਸ ਹੋ ਕੇ, ਜਾਂ ਝੂਠੀ ਪ੍ਰਸਿੱਧੀ ਲਈ, ਪਾਵਨ ਮੰਤਵ ਦੀ ਪੂਰਤੀ ਲਈ ਨਹੀਂ ਅਪਨਾਇਆ ਹੋਇਆ। ਤੰਗ-ਦਿਲੀ, ਕਰਾਮਾਤ, ਦਿਖਾਵਾ ਤੇ ਵਾਹ ਵਾਹ ਦੀ ਭੁੱਖ ਦੇ ਹਲਕਾਏ ਹੋਏ ਕਈ ਸਾਧਕਾਂ ਨੇ ਮਨ ਦੀ ਇਕਾਗਰਤਾ ਤੋਂ ਪੈਦਾ ਹੋਈ ਰਿੱਧੀ ਸਿੱਧੀ ਵਿਚ ਹੀ ਆਪਣੀ ਅਮੋਲਕ ਆਯੂ ਗੁਆ ਦਿੱਤੀ ਹੈ।

ਇਹ ਸੱਤ ਹੈ ਕਿ ਇਕਾਗਰਤਾ ਤੇ ਧਿਆਨ ਤੋਂ ਬੇਪਨਾਹ ਤਾਕਤ ਉਤਪੰਨ ਹੁੰਦੀ ਹੈ, ਪਰ ਇਹ ਵੀ ਗਹਿ ਕਰ ਰਖਣ ਵਾਲੀ ਗੱਲ ਹੈ ਕਿ ਇਸ ਤਾਕਤ ਨੂੰ ਸੰਭਾਲਣ ਲਈ, ਕਾਬੂ ਵਿਚ ਰੱਖਣ ਲਈ ਤੇ ਕੁਰਾਹੇ ਜਾਣ ਤੋਂ ਬਚਾਉਣ ਲਈ ਅੰਤਰ-ਆਤਮੇ ਜਰ ਕੇ ਹਉਮੈ ਤੋਂ ਬਚਣ ਦੀ ਸ਼ਕਤੀ ਦੀ ਵੀ ਅਵੱਸ਼ ਲੋੜ ਹੈ, ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਨੂੰ ਮਨ ਚਿਤ ਕਰਕੇ ਕਮਾਉਣ ਤੋਂ ਉਪਜਦੀ ਹੈ। ਗੁਰਬਾਣੀ ਅਨੁਸਾਰ ਗਿਆਨ ਤੇ ਧਿਆਨ, ਦੋਹਾਂ ਦਾ ਸੰਗਮ ਹੀ ਭਗਤੀ, ਸ਼ਕਤੀ, ਅਡੋਲਤਾ ਤੇ ਸਹਜ ਅਵਸਥਾ ਦੀਆਂ ਬਖਸ਼ਸ਼ਾਂ ਪਰਦਾਨ ਕਰਦਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕ 'ਰੰਗਲੇ ਸਜਣ' ਵਿਚ ਭਾਈ ਸਰਵਣ ਸਿੰਘ ਫਲੇਵਾਲ ਦਾ ਜੀਵਨ ਬਿਰਤਾਂਤ ਬਹੁਤ ਸਿੱਖਿਆ-ਭਰਪੂਰ ਹੈ, ਤੇ ਸਮਾਧੀ, ਤਾੜੀ ਦੀਆਂ ਕਈ ਘਟਨਾਵਾਂ ਨਾਲ ਜੁੜਿਆ ਹੋਇਆ ਹੈ। ਵਾਹਿਗੁਰੂ ਜਾਣੇ ਕਿ ਕਿਵੇਂ ਘਟਨਾ ਵਾਪਰੀ ਕਿ ਉਹ ਆਪਣੇ ਅੰਦਰ ਆਈ ਮਹਾਨ ਸ਼ਕਤੀ ਦੇ ਪ੍ਰਬਲ ਵੇਗ ਨੂੰ, ਜੋ ਰਿਧੀਆਂ ਸਿਧੀਆਂ ਨਾਲ ਭਰਪੂਰ ਹੁੰਦੀ ਹੈ, ਹਉਮੈ-ਗ੍ਰਸਤ ਹੋ ਕੇ ਸੰਭਾਲ ਨਾ ਸਕਿਆ, ਗੁਰਬਾਣੀ ਦੀ ਓਟ ਤੇ ਵਿਸ਼ਵਾਸ ਵਿਚ ਘਾਟ ਪੈ ਗਈ ਤੇ ਗੁਰਸਿੱਖੀ ਦੇ ਰਾਹ ਤੋਂ ਭਟਕ ਗਿਆ। ਇਹ ਤਾਂ ਭਾਈ ਸਾਹਿਬ ਜੀ ਦਾ ਮਹਾਨ ਪਰਉਪਕਾਰ ਸੀ ਕਿ ਆਪ ਨੇ ਭਾਈ ਸਰਵਣ ਸਿੰਘ ਨੂੰ ਸੋਝੀ ਕਰਵਾ ਕੇ, ਤੇ ਫਿਰ ਦਾਤਾਰ ਤੋਂ ਬਖਸ਼ਵਾ ਕੇ ਮੁੜ ਸੁੱਚਾ ਗੁਰਸਿੱਖ ਬਣਾ ਦਿੱਤਾ।

ਜਿਨ੍ਹਾਂ ਗੁਰਸਿੱਖ ਦੁਲਾਰਿਆਂ ਨੇ ਧਿਆਨ ਤੇ ਗਿਆਨ ਦਾ ਸੰਤੁਲਤ ਜੁੱਟ ਹਿਰਦੇ ਵਿਚ ਵਸਾਇਆ ਹੈ, ਗੁਰਮੰਤਰ ਦੇ ਜਾਪ ਨਾਲ, ਨਿਤਨੇਮ ਦੇ ਪਾਠ, ਗੁਰਬਾਣੀ ਦੇ ਵਿਚਾਰ ਤੇ ਅਖੰਡ ਕੀਰਤਨ ਨਾਲ ਆਪਣੀ ਕਾਇਆਂ ਰੰਗੀ ਹੈ, ਨਿਰਸੰਦੇਹ ਅਕਾਲ ਪੁਰਖ ਨੇ ਨਾ-ਕੇਵਲ ਉਨ੍ਹਾਂ ਦੀਆਂ ਝੋਲੀਆਂ ਭਰੀਆਂ ਹਨ, ਬਲਕਿ ਝੋਲੀਆਂ ਤਕੜੀਆਂ 'ਤੇ ਹੰਢਣਸਾਰ ਵੀ ਬਖ਼ਸ਼ੀਆਂ ਹਨ। ਅਨ-ਅਧਿਕਾਰੀ ਜੀਵ ਦੀ ਝੋਲੀ ਕਮਜ਼ੋਰ ਹੁੰਦੀ ਹੈ, ਇਸ ਕਰਕੇ ਉਹ ਰੱਬੀ ਬਖਸ਼ਸ਼ਾਂ ਨੂੰ ਸੰਭਾਲ ਨਹੀਂ ਸਕਦਾ। ਘਾਲ ਕਮਾਈ ਕਰਨੀ ਤੇ ਅਰਦਾਸ ਇਸ ਦਾ ਇਲਾਜ ਮੰਨਿਆ ਗਿਆ ਹੈ।

ਕਿਸੇ ਚਲੀਹੇ ਜਾਂ ਮੰਤਰ-ਸਿੱਧੀ ਦੀ ਪ੍ਰਾਪਤੀ ਲਈ ਕੀਤਾ ਜਾਪ ਪ੍ਰੇਮਾ ਭਗਤੀ ਦੀ ਭਾਵਨਾ ਤੋਂ ਸੱਖਣਾ ਤੇ ਗਿਣਤੀ ਮਿਣਤੀ ਦੀ ਬੁਨਿਆਦ ਤੇ ਉਸਰਿਆ ਹੁੰਦਾ ਹੈ। ਜਿਥੇ ਦੁਨਿਆਵੀ ਪਦਾਰਥਾਂ ਜਾਂ ਕਰਾਮਾਤੀ ਸ਼ਕਤੀਆਂ ਦੀ ਜਾਚਨਾ ਹੋਵੇ, ਉਥੇ ਪ੍ਰੇਮ, ਵਿਛੋੜਾ, ਤੜਪ, ਉਮਾਹ, ਹਰਿ ਰੰਗ ਵਿਚ ਹੱਸਣਾ, ਰੋਣਾ ਤੇ ਚਾਅ, ਮਿਲਾਪ ਜਿਹੇ ਜਜ਼ਬਾਤੀ ਗੁਣ ਕਿਥੇ?

ਪਰ ਪ੍ਰਭੂ-ਦਰਸ਼ਨ ਦੀ ਲਾਲਸਾ ਤੇ ਗੁਰਮੰਤਰ ਦੇ ਜਾਪ ਵਿਚ ਭਿੱਜੀ ਸੁਰਤੀ ਦੀ ਕਥਾ ਅਕਥਨੀਯ ਹੈ। ਗੁਰਮਤਿ ਨਾਮ ਹਰਿ ਧਨੁ ਸਚੀ ਰਾਸਿ ਹੈ, ਇਹ ਅਮਰ ਪਦਾਰਥ ਹੈ ਤੇ ਦੁਨਿਆਵੀ ਸੌਦੇਬਾਜ਼ੀ ਤੋਂ ਉੱਪਰ ਹੈ। ਇਸ ਦੀ ਪ੍ਰਾਪਤੀ ਕੱਚੇ ਪਿੱਲੇ ਧਿਆਨ ਦੁਆਰਾ ਅਸੰਭਵ ਹੈ। ਜੇ ਹਿਰਦਾ, ਆਂਗਣ, ਵਿਹੜਾ ਉੱਚੇ ਮੰਤਵ, ਬੇ-ਗਰਜ਼ ਭਾਵਨਾ, ਬੇਲਾਗ ਹੀਲੇ, ਸੁੱਚੇ ਸਾਧਨ ਤੇ ਨਿਸ਼ਕਾਮ ਕਰਮ ਨਾਲ ਸਸ਼ੋਭਤ ਹੋਵੇ ਤਾਂ ਧਿਆਨ ਦੇ ਸਰੂਪ ਵਿਚ ਸੁਧਾਰ ਹੋਣਾ ਸੌਖਾ ਹੋ ਜਾਂਦਾ ਹੈ। ਦੈਵੀ ਗੁਣਾਂ ਦੇ ਧਾਰਨੀ ਅਭਿਆਸੀ ਨੂੰ ਅਟੁੱਟ ਬਿਰਤੀ, ਸੱਚੀ ਲਿਵਤਾਰ ਤੇ ਚੰਦ ਚਕੋਰ ਵਾਲੀ ਤਾੜੀ ਦੀ ਅਵਸਥਾ ਨਾਮ ਰੰਗਣ ਵਿਚ ਰੰਗ ਦੇਂਦੀ ਹੈ। ਜਦ ਪ੍ਰੀਤਿ ਦੀ ਡੋਰ ਅਕਾਲ ਪੁਰਖ ਦੇ ਹੱਥ ਵਿਚ ਆ ਜਾਵੇ ਤਾਂ ਇਹ ਏਨੀ ਪ੍ਰਬਲ ਹੋ ਜਾਂਦੀ ਹੈ ਕਿ ਤੋੜਿਆਂ ਨਹੀਂ ਟੁੱਟਦੀ ਤੇ ਛੱਡਿਆ ਨਹੀਂ ਛੱਡੀ ਜਾਂਦੀ। ਨਾਮੀ ਵਿਚ ਐਸੀ ਅਭੇਦਤਾ ਦੀ ਅਵਸਥਾ ਸਹਜ-ਧਿਆਨ ਦੁਆਰਾ ਹੀ ਹੁੰਦੀ ਹੈ, ਜਿਸ ਬਾਰੇ ਹਜ਼ੂਰ ਦਾ ਫੁਰਮਾਨ ਹੈ -

*ਹਿਰਦੈ ਨਾਮੁ ਸਰਬ ਧਨੁ ਧਾਰਣੁ ਗੁਰ ਪਰਸਾਦੀ ਪਾਈਐ॥*
*ਅਮਰ ਪਦਾਰਥ ਤੇ ਕਿਰਤਾਰਥ ਸਹਜ ਧਿਆਨਿ ਲਿਵ ਲਾਈਐ॥੧॥*
*ਮਨ ਰੇ ਰਾਮ ਭਗਤਿ ਚਿਤੁ ਲਾਈਐ॥*
*ਗੁਰਮੁਖਿ ਰਾਮ ਨਾਮੁ ਜਪਿ ਹਿਰਦੈ ਸਹਜ ਸੇਤੀ ਘਰਿ ਜਾਈਐ॥੧॥ਰਹਾਉ॥ ਅੰਗ - ੧੧੨੭*

# ਵਾਹਿਗੁਰੂ ਸਿਮਰਨ

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

## ਨਾਮ ਦੀ ਕਲਾ

ਵਿਸਮਾਦ ਰੂਪ ਅਕਾਲ ਪੁਰਖ ਦੀ ਸਿਫਤਿ ਸਾਲਾਹ ਭੀ ਵਿਸਮਾਦ ਰੂਪ ਹੈ। ਨਾਮ, ਗੁਰਮਤਿ ਨਾਮ ਦੀ ਸਚੀ ਤੱਤ ਸਿਫਤਿ ਸਾਲਾਹ ਹੈ। ਨਾਮ ਰੂਪੀ ਸਿਫਤਿ ਸਾਲਾਹ, ਬਿਸਮਾਦ ਰੰਗਾਂ ਵਾਲੀ ਧੰਨਤਾ ਹੈ। ਵਿਸਮਾਦੀ ਅਕਾਲ ਪੁਰਖ (ਨਾਮੀ) ਵਾਹਿਗੁਰੂ ਦੀ ਖਿਨ ਖਿਨ ਸ਼ੁਕਰ-ਗੁਜ਼ਾਰੀ, ਕ੍ਰਿਸਮਨ ਸ਼ੁਕਰ-ਗੁਜ਼ਾਰੀ ਹੈ, ਜੋ ਨਾਮ-ਨਾਮੀ-ਅਭੇਦ ਵਿਸਮਾਦ ਰੰਗਾਂ ਵਿਚ ਹੀ ਗੁਰੂ ਗੁਣਤਾਸ ਵਲੋਂ ਉਚਾਰੀ, ਸੰਚਾਰੀ ਅਤੇ ਸੰਵਾਰੀ ਗਈ, ਜੋ ਇਸ ਦੀ ਸਿਫ਼ਤਿ ਸਾਲਾਹ ਰੂਪ ਧੰਨਤਾ ਦੇ ਉਚਾਰਨ, ਰਟਨਹਾਰੇ ਨੂੰ ਓੜਕ ਪਾਰਸ-ਰਸਾਇਣੀ ਕਲਾ ਵਰਤਾਇ ਕੇ ਵਿਸਮਾਦ ਰੰਗਾਂ ਵਿਚ ਲੀਨ ਕਰਾਉਣ ਨੂੰ ਸਮਰੱਥ ਹੈ। ਨਾਮ ਦੇ ਉਚਾਰਨਹਾਰਾ ਸੁਆਸ ਸੁਆਸ ਗੁਰਸ਼ਬਦ ਅਭਿਆਸ ਦੁਆਰਾ ਵਾਹੁ ਵਾਹੂ ਦੀ ਟੋਰ ਜਾਂ ਰਟ ਲਗਾਇ ਕੇ ਵਾਸਤਵ ਵਿਚ ਵਾਹਿਗੁਰੂ ਅਕਾਲ ਪੁਰਖ ਦੀ ਖਿਨ ਖਿਨ ਸ਼ੁਕਰ-ਗੁਜ਼ਾਰੀ ਕਰਦਾ ਹੈ। ਇਹ ਸ਼ੁਕਰ-ਗੁਜ਼ਾਰੀ ਅਤੇ ਕ੍ਰਿਤੱਗਤਾ ਕਾਹਦੀ ਹੈ, ਜਿਸ ਕਰਕੇ ਕੇਵਲ ਪ੍ਰਸ਼ਾਦਾ ਛਕਣ ਸਮੇਂ ਜਾਂ ਬਿਸਤਰ ਤੇ ਲਟਣ ਸਮੇਂ ਜਾਂ ਸੋਹਣੇ ਬਸਤਰ ਮਿਲਣ ਸਮੇਂ, ਰਿਹਾਇਸ਼ੀ ਸੁੰਦਰ ਮੰਦਰ ਤੱਕਣ ਸਮੇਂ ਇਹਨਾਂ ਵਸਤੂਆਂ ਦੇ ਭੋਗਣਹਾਰੇ ਦੇ ਮਨ ਵਿਚ ਇਸ ਤਰ੍ਹਾਂ ਦਾ ਕੇਵਲ ਛਿਨ-ਭੰਗਰੀ ਖ਼ਿਆਲ ਹੀ ਖ਼ਿਆਲ ਆਵੇ ਕਿ ਹੇ ਦਾਤਾ ਵਾਹਿਗੁਰੂ, ਤੂੰ ਧੰਨ ਹੈਂ! ਇਸ ਤਰ੍ਹਾਂ ਦਾ ਖ਼ਿਆਲ ਮਾਤਰ ਆਉਣ ਨੂੰ ਕਈ ਫ਼ਿਲਾਸਫ਼ਰ ਐਨ ਗੁਰਮਤਿ ਨਾਮ ਸਿਮਰਨ ਸਮਝਦੇ ਹਨ। ਪਰੰਤੂ ਗੁਰਮਤਿ ਨਾਮ ਦਾ ਅਭਿਆਸ ਤੇ ਜਾਪ ਤਾਪ ਉਹਨਾਂ ਦੇ ਨਿਕਟ ਦਿਖਾਵਾ ਮਾਤਰ ਹੀ ਹੈ। ਉਹਨਾਂ ਦੇ ਖ਼ਿਆਲ ਵਿਚ 'ਨਾਮ ਕਿਸੇ ਇਕ ਨਾਮ ਦੀ ਮਕੈਨੀਕਲ ਚੈਂਪੀਟੀਸ਼ਨ ਹੀ ਹੈ। ਗੁਰਮਤਿ ਨਾਮ ਦੀ ਸਿਫਤਿ ਸਾਲਾਹ ਰੂਪੀ ਸ਼ੁਕਰਾਨਾ, ਕੇਵਲ ਮਹਿਦੂਦ ਅਪ-ਸੁਆਰਥੀ ਖ਼ਿਆਲਾਂ ਵਾਲਾ ਛਿਨ ਭੰਗਰੀ ਮਨੋਰਥ-ਪੂਰਤੀ ਤੋਂ ਉਪਜਿਆ ਫ਼ਸਾਨਾ ਹੀ ਨਹੀਂ, ਬਲਕਿ 'ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ' (ਅੰਗ - ੨੨੮) ਦੀ ਅਵਸਥਾ ਵਾਲਾ ਵਿਸ਼ਾਲ ਆਤਮ-ਤਰੰਗੀ ਤਰਾਨਾ ਹੈ। ਯਥਾ ਗੁਰਵਾਕ -

*ਵਾਹੁ ਵਾਹੁ ਤਿਸ ਨੋ ਆਖੀਐ ਜਿ ਸਚਾ ਗਹਿਰ ਗੰਭੀਰੁ॥*
*ਵਾਹੁ ਵਾਹੁ ਤਿਸ ਨੋ ਆਖੀਐ ਜਿ ਗੁਣਦਾਤਾ ਮਤਿ ਧੀਰੁ*
*ਵਾਹੁ ਵਾਹੁ ਤਿਸ ਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ॥*
*ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸੰਬਾਹਿ॥*
*ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ॥੧॥(੧੬)* *ਅੰਗ - ੫੧੪-੧੫*

'ਇਕੋ ਕਰਿ ਸਾਲਾਹੀਐ ਜਿ ਸਤਿਗੁਰੁ ਦੀਆ ਦਿਖਾਇ' ਵਾਲੀ ਪੰਗਤੀ ਸਾਫ ਇਕੋ ਗੁਰਮਤਿ ਨਾਮ ਦੀ ਅਰਾਧਣਾ ਸਹੀ ਕਰਦੀ ਹੈ ਅਤੇ ਸਹੀ ਅਰਥ ਰਖਦੀ ਹੈ। 'ਕਿਸੇ ਇਕ ਨਾਮ' ਦੀ ਜਪਣ ਦੀ ਖੁਲ੍ਹ ਦਾ ਵਿਧਾਨ ਗੁਰਮਤਿ ਅੰਦਰ ਉੱਕਾ ਹੀ ਨਹੀਂ। ਇਹ ਇਹਨਾਂ ਤੋਂ ਅਗਲੇਰੇ ਸਲੋਕ ਦੀਆਂ ਤੁਕਾਂ ਦਸਦੀਆਂ ਹਨ ਕਿ ਗੁਰਮਤਿ ਨਾਮ ਕੇਵਲ ਖ਼ਾਸ ਖ਼ਾਸ ਸਮਿਆਂ ਤੋਂ ਉਪੰਨੇ ਖਿਆਲਾਂ ਦੀਆਂ ਸ਼ੁਕਰ-ਗੁਜ਼ਾਰੀਆਂ ਦੇ ਛਿਨ ਭੰਗਤੀ ਅਨੁਮਾਨ ਹੀ ਨਹੀਂ, ਸਗੋਂ ਸਦੀਵੀ ਸਾਸ ਗਰਾਸੀ ਜਾਪ ਅਭਿਆਸ ਦਾ ਤਤ ਗਿਆਨ ਹੈ। ਯਥਾ ਗੁਰਵਾਕ -

*ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖਿ ਮਰਹਿ ਬਿਖੁ ਖਾਇ॥*
*ਓਨਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ॥*
*ਗੁਰਮੁਖਿ ਅੰਮ੍ਰਿਤੁ ਪੀਵਣਾ ਵਾਹੁ ਵਾਹੁ ਕਰਹਿ ਲਿਵ ਲਾਇ॥੨॥* *ਅੰਗ - ੫੧੫*

ਇਹ ਗੁਰਵਾਕ ਗੁਰਮਤਿ ਨਾਮ ਦੁਆਰੇ ਕੇਵਲ ਅਲਪੀ ਕਲਪੀ ਸ਼ੁਕਰਾਨਾ ਹੀ ਨਹੀਂ ਦ੍ਰਿੜਾਉਂਦੇ, ਸਗੋਂ ਸਦੀਵ-ਕਾਲੀ ਛਿਨ ਛਿਨ ਸੁਆਸ-ਸਮਾਲੀ ਅੰਮ੍ਰਿਤ-ਤ੍ਰਿਪਤਾਨਾ ਭੀ ਬੁਝਾਉਂਦੇ ਹਨ, ਅਰਥਾਤ ਨਾਮ ਅਭਿਆਸ ਕੇਵਲ ਸਰੀਰਕ ਲੋੜਾਂ ਦੀ ਪੂਰਤੀ ਦੇ ਸ਼ੁਕਰਾਨੇ ਵਜੋਂ ਹੀ ਨਹੀਂ ਕੀਤਾ ਜਾਂਦਾ ਹੈ। ਗੁਰਮੁਖਾਂ ਦਾ ਛਿਨ ਛਿਨ ਨਾਮ ਜਪਣਾ ਸੁਆਸ ਸੁਆਸ ਅੰਮ੍ਰਿਤ ਗਟਾਕਾਂ ਦਾ ਭੁੰਚਣਾ ਹੈ। ਗੁਰਮੁਖ ਸਚਿਆਰ ਸਿਖ ਵਾਹੁ ਵਾਹੁ ਰੂਪੀ ਸਿਫਤਿ ਸਲਾਹ ਦੀ ਲਿਵਤਾਰ ਜੋੜ ਕੇ ਦਮ-ਬਦਮ ਅੰਮ੍ਰਿਤ ਛਾਂਦੇ ਹੀ ਭੁੰਚਦੇ ਹਨ। ਤਾਂਤੇ ਨਾਮ

ਜਪਣਾ ਕੇਵਲ ਖ਼ਿਆਲੀ ਸ਼ੁਕਰ-ਗੁਜ਼ਾਰੀ ਮਾਤਰ ਹੀ ਨਹੀਂ, ਨਾਮ ਜਪਣ ਦਾ ਅਰਥ ਨਿਰੀ ਫ਼ਸਲ-ਬਟੋਰੀ ਸ਼ੁਕਰ-ਗੁਜ਼ਾਰੀ ਕਰਨ ਦੇ ਹੀ ਨਹੀਂ, ਸਗੋਂ ਸੁਆਸ ਸੁਆਸ ਅੰਮ੍ਰਿਤ ਪੀਣ ਦੇ ਅਤੇ ਛਿਨ ਛਿਨ ਆਤਮ-ਜੀਵਣ ਜੀਣ ਦੇ ਹਨ। ਉਹਨਾਂ ਲੋਕਾਂ ਦੀ ਕੈਸੀ ਗ਼ਲਤ ਖ਼ਿਆਲੀ ਹੈ ਜੋ ਨਾਮ ਜਪਣ ਨੂੰ ਕੇਵਲ ਮਕੈਨੀਕਲ ਰੈਪੀਟੀਸ਼ਨ ਹੀ ਦਸਦੇ ਹਨ। ਦੇਖੋ ਅਗਲੇਰੇ ਗੁਰਵਾਕ, ਜੋ ਦਸਦੇ ਹਨ ਕਿ ਨਾਮ ਦੀ ਬਰਕਤ ਨਾਲ ਕੀ ਕੀ ਗੁੰਝਲਾਂ ਖੁਲਦੀਆਂ ਹਨ -

*ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ॥੩॥*
*ਰਾਮ ਨਾਮੁ ਇਕੁ ਤਿਲ ਤਿਲ ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ॥੪॥* *ਅੰਗ - ੧੩੦੮*

ਇਹ ਨਾਮ ਦੀ ਮਕੈਨੀਕਲ ਰੈਪੀਟੀਸ਼ਨ ਮੁੜ ਮੁੜ, ਬਾਰ ਬਾਰ ਨਾਮ ਜਪਣ ਦਾ ਸੁਆਦ ਹੈ, ਪਰ ਗੁਰਵਾਕਾਂ ਦੀ ਸੱਟ ਕਉਣ ਸਹੇ, ਤੇ ਕੌਣ ਗੁਰਵਾਕਾਂ ਦੀ ਸਚਾਈ ਨੂੰ ਪਰਖੇ ਤੋਲੇ।

ਖਿਨ ਖਿਨ ਨਾਮ ਦੀ ਸਿਫਤ ਸਲਾਹ, ਅਰਥਾਤ ਨਾਮ ਦਾ ਜਪਣਾ, ਅਕਾਲ ਪੁਰਖ ਵਾਹਿਗੁਰੂ ਦੀ ਖਿਨ ਖਿਨ ਸ਼ੁਕਰ-ਗੁਜ਼ਾਰੀ ਹੈ ਤੇ ਖਿਨ ਖਿਨ ਹਾਜ਼ਰਾ ਹਜ਼ੂਰੀ ਹੈ। ਨਾਮ ਦੇ ਬਾਰ ਬਾਰ ਜਪਣ, ਮਕੈਨੀਕਲ ਰੈਪੀਟੀਸ਼ਨ ਦੁਆਰਾ ਹੀ ਰਟਨ ਕਰਦਿਆਂ, ਨਾਮ ਦੀ ਪਾਰਸ-ਰਸਾਇਣੀ-ਰਗੜ ਦੁਆਰਾ ਚੁੰਬਕ ਪ੍ਰਕਾਸ਼ ਪੁਰਜੁਅਲਤ ਹੁੰਦਾ ਹੈ। ਪ੍ਰੇਮ, ਸਰਧਾ-ਭਾਵਨੀ ਨਾਲ ਇਸ ਤਰ੍ਹਾਂ ਰਟਨ ਰੈਪੀਟੀਸ਼ਨ ਕਰਕੇ ਦੇਖਣ, ਫੇਰ ਪਤਾ ਲਗਸੀ ਕਿ ਏਸ ਨਿਰੀ ਮਕੈਨੀਕਲ ਰੈਪੀਟੀਸ਼ਨ ਦੀ ਕੀ ਕਰਾਮਾਤ ਹੈ। ਪਹਿਲਾਂ ਸਤਿਗੁਰੂ ਦੇ ਏਸ ਨਾਮ ਉਤੇ ਗੁਰਸਿਖਾਂ, ਸ਼ਰਧਾਲੂਆਂ ਵਾਲੀ ਸ਼ਰਧਾ ਲਿਆਉਣ ਦੀ ਲੋੜ ਹੈ, ਫੇਰ ਨਾਮ ਦੇ ਪਾਤਰ ਬਣਨ ਤੇ ਨਾਮ ਨੂੰ ਪ੍ਰਾਪਤ ਕਰਨ ਲਈ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ ਖੰਡੇ ਦਾ ਅੰਮ੍ਰਿਤ ਛਕਣ ਦੀ ਲੋੜ ਹੈ। ਇਸ ਤਰ੍ਹਾਂ ਖ਼ਾਲਸਾ ਸਜ ਕੇ, ਨਾਮ ਪ੍ਰਾਪਤ ਕਰ ਕੇ ਨਾਮ ਜਪਣ ਦੀ ਅੱਤੁਟ ਕਮਾਈ ਕਰਨ। ਇਸ ਤਰ੍ਹਾਂ ਮਕੈਨੀਕਲ ਰੈਪੀਟੀਸ਼ਨ ਦੀ ਕੀ ਰੰਗ ਖਿੜਦੇ ਹਨ! ਐਵੇਂ ਗੱਲਾਂ ਨਾਲ ਗਿਆਨ ਘੋਟਿਆਂ ਕੀ ਬਣਦਾ ਹੈ? ਕਮਾਈ ਦਾ ਫੇਰ ਸਿੱਟਾ ਦੇਖਣ ਗੁਰੂ ਸਾਹਿਬ ਫੁਰਮਾਉਂਦੇ ਹਨ -

*ਮਨ ਮੇਰੇ ਨਾਮਿ ਰਤੇ ਸੁਖੁ ਹੋਇ॥*
*ਗੁਰਮਤੀ ਨਾਮੁ ਸਾਲਾਹੀਐ ਦੂਜਾ ਅਵਰੁ ਨ ਕੋਇ॥੧॥ਰਹਾਉ॥੬੦॥੬੩॥* *ਅੰਗ - ੩੮*

ਸ਼ੁਕਰ-ਗੁਜ਼ਾਰੀ ਕਰਨੀ ਕਿਹੜੀ ਸੁਖਾਲੀ ਹੈ। ਇਹ ਸ਼ੁਕਰ-ਗੁਜ਼ਾਰੀ (ਤੱਤ ਸ਼ੁਕਰ-ਗੁਜ਼ਾਰੀ) ਗੁਰੂ ਦੁਆਰਿਓਂ, ਗੁਰਮਤਿ ਦੁਆਰਾ ਹੀ ਸਿਖਾਈ ਸਿਖਲਾਈ ਜਾਂਦੀ ਹੈ। ਉਪਰਲੇ ਗੁਰਵਾਕ ਅੰਦਰ 'ਗੁਰਮਤੀ ਨਾਮੁ ਸਾਲਾਹੀਐ' ਦੀ ਫ਼ੋਰਸ (ਜ਼ੋਰ-ਸ਼ਕਤੀ) ਨੂੰ ਦੇਖੋ। ਫੇਰ ਅਗਲੀ ਪੰਗਤੀ ਦੱਸਦੀ ਹੈ ਕਿ ਗੁਰਮਤਿ ਨਾਮ ਦਾ ਜਪਣਾ ਸਾਲਾਹੁਣਾ ਹੀ ਫਲਦਾਇਕ ਹੈ, ਇਹ ਨਹੀਂ ਕਿ ਸਤਿਨਾਮ ਗੁਰਮੰਤਰ ਤੋਂ ਵਖਰਾ ਕੋਈ ਨਾਮ ਹੀ ਸਾਲਾਹਿਆ ਜਾਵੇ। ਬਸ 'ਦੂਜਾ ਅਵਰੁ ਨ ਕੋਇ॥' ਅਰਥਾਤ ਗੁਰਮਤਿ ਨਾਮ ਤੋਂ ਵਖਰਾ ਦੂਸਰਾ ਹੋਰ ਕੋਈ ਨਾਮ ਨਹੀਂ। ਕੇਵਲ, ਏਸ ਗੁਰਮਤਿ ਨਾਮ ਦੀ ਸਿਫਤ ਸਲਾਹ ਦੀ ਅਤੁਟ ਕਮਾਈ ਤੇ ਅਨਿੰਨ ਸ਼ਰਧਾ ਭਾਵਨੀ ਦੁਆਰਾ ਹੀ ਨਾਮ ਦੇ ਰੰਗਾਂ ਵਿਚ ਰਤੇ ਜਾ ਸਕੀਦਾ ਹੈ। ਤੇ ਨਾਮ ਦੀ ਰਗੜ ਦੁਆਰਾ ਹੀ ਪਰਜੁਅਲਤ ਹੋਏ ਆਤਮ-ਪ੍ਰਕਾਸ਼ ਦੁਆਰਾ ਹੀ ਸਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਇਹ ਗੁਰਮਤਿ ਨਾਮ ਗੁਰੂ ਦੀ ਕਿਰਪਾ ਦੁਆਰਾ ਹੀ ਪ੍ਰਾਪਤ ਹੁੰਦਾ ਹੈ ਤੇ ਉਸ ਦੀ ਕਿਰਪਾ ਨਾਲ ਹੀ ਮਨ ਵਿਚ ਵੱਸਦਾ ਹੈ। ਵੈਸੇ ਆਪਮੁਹਾਰਾ ਨਾਮ ਮੂੰਹੋਂ ਆਖਿਆ ਪਰਵਾਣ ਨਹੀਂ। ਗੁਰਮਤਿ ਬਿਧੀ ਅਨੁਸਾਰ ਪ੍ਰਾਪਤ ਹੋਇਆ ਨਾਮ ਹੀ ਖੰਡੇ ਦਾ ਅੰਮ੍ਰਿਤ ਛਕ ਕੇ ਜਪਿਆ ਫਲੀਭੂਤ ਹੋ ਸਕਦਾ ਹੈ। ਜਿਹਾ ਕਿ ਗੁਰਵਾਕ ਹੈ -

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥੩॥*
*ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥੧॥*
*ਅੰਗ - ੪੯੧*

ਏਸ ਤਰ੍ਹਾਂ ਬਿਧੀ ਪੂਰਬਕ ਪ੍ਰਾਪਤ ਹੋਏ ਨਾਮ-ਜਾਪ ਦਾ ਆਟੋਮੈਟਿਕ (ਆਪ-ਮੁਹਾਰਾ) ਤੋਰਾ ਤੁਰ ਸਕਦਾ ਹੈ। ਨਾਮ ਦੀ ਰਸਕ ਜੋਤਿ ਪ੍ਰਜੁਅਲਤ ਹੋਣ ਤਕ ਸਿਲ ਅਲੂਣੀ ਚਟਣੀ ਲਗਦੀ ਹੈ। ਜਦੋਂ ਨਾਮ ਮਨ ਵਿਚ ਵਸ ਗਿਆ, ਤਦ ਸੁਰਤੀ ਬਿਰਤੀ ਰਸ-ਲੀਨ ਹੋਣ ਕਾਰਨ ਇਹ ਰਸ ਛਡਿਆ ਨਹੀਂ ਜਾਂਦਾ।

## ਅਠ-ਪਹਿਰੀ ਕੁੰਜੀ

ਅੰਮ੍ਰਿਤ ਵੇਲੇ ਦੀ ਇਕ-ਪਹਿਰੀ ਸਾਵਧਾਨਤਾ ਸਹਿਤ ਨਾਮ ਅਭਿਆਸ ਕੀਤਾ ਹੋਇਆ ਮਾਨੋ ਅਠ-ਪਹਿਰੀ ਕੁੰਜੀ ਲਗ ਜਾਂਦੀ ਹੈ, ਜਿਸ ਦੇ ਤਾਣ ਸੁਤੇ ਸੁਭਾਵ ਹੀ ਨਾਮ-ਅਭਿਆਸੀ ਦੀ ਸੁਆਸਾਂ ਰੂਪੀ ਘੜੀ ਦਾ ਪੈਂਡੂਲਮ, ਪੰਚ-ਦੂਤ-ਦਮਨੀ ਖੰਡੇ ਦੀ ਖੜਕਾਰ ਵਾਲੀ ਸਹਿਜ ਰਫਤਾਰ ਵਿਚ ਚਲਦਾ ਰਹਿੰਦਾ ਹੈ। ਇਹ ਗੁਰਮੰਤਰ 'ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ' ਦੇ ਗੁਰਵਾਕ ਅਨੁਸਾਰ ਅਕਾਲ ਪੁਰਖ ਦਾ ਆਪਣੇ ਆਪ ਰਚਿਆ ਹੋਇਆ ਨਾਉਂ ਸਤਿਨਾਮ ਹੈ, ਹੋਰ ਸਾਰੇ ਨਾਉਂ ਅਸਤਿ ਤੇ ਕ੍ਰਿਤਮ ਨਾਮ

***(ਬਾਕੀ ਪੰਨਾ 25 'ਤੇ)***

# ਸੁਖਮਨੀ ਵਿਚ ਸਿਮਰਨ

*[ਭਾਈ ਜੋਗਿੰਦਰ ਸਿੰਘ ਜੀ]*

ਸ੍ਰੀ ਫਾਜ਼ਿਲ ਕਸ਼ਮੀਰੀ ਧਰਮ ਵਿਚ ਡੂੰਘੀ ਆਸਥਾ ਰਖਣ ਵਾਲੇ ਤੇ ਧਰਮ-ਗ੍ਰੰਥਾਂ ਦਾ ਡੂੰਘਾ ਅਧਿਐਨ ਕਰਨ ਵਾਲੇ ਵਿਦਵਾਨ ਲੇਖਕ ਤੇ ਕਵੀ ਹਨ। ਆਪ ਨੇ ਅੰਮ੍ਰਿਤ-ਬਾਣੀ ਸੁਖਮਨੀ ਸਾਹਿਬ ਦਾ ਉਰਦੂ ਵਾਰਤਕ ਤੇ ਕਸ਼ਮੀਰੀ ਨਜ਼ਮ ਵਿਚ ਤਰਜਮਾਂ ੧੪ ਸਾਲ ਘਾਲਣਾ ਘਾਲ ਕੇ ਕੀਤਾ ਹੈ। ਸਾਰੀ ਪੁਸਤਕ ਦੀ ਆਪਣੇ ਹੱਥੀਂ ਕਿਤਾਬਤ ਕਰ ਕੇ ਅਤੇ ਸੁੰਦਰ ਬਾਡਰ ਤੇ ਵੇਲਾਂ ਬਣਾ ਕੇ, ਆਪਣੇ ਉਦਮ ਨਾਲ ਛਪਵਾਇਆ ਹੈ। ਇਹ ਟੀਕਾ ਆਪ ਦੀ ਸ਼ਰਧਾ ਤੇ ਨਿਰੰਤਰ ਸੇਵਾ ਦਾ ਸੁੰਦਰ ਨਮੂਨਾ ਹੈ। ਇਸ ਸੇਵਾ ਬਦਲੇ ਆਪ ਨੂੰ ਸਨਮਾਨਤ ਕਰਨ ਲਈ 'ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ' ਵਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ੧੪ ਦਸੰਬਰ ੧੯੯੬ ਨੂੰ ਸਨਮਾਨ ਸਮਾਗਮ ਕੀਤਾ ਗਿਆ। ਉਸ ਸਮੇਂ ਪੜ੍ਹੇ ਗਏ ਲੇਖਾਂ ਵਿਚੋਂ ਇਕ ਲੇਖ ਤਲਵਾੜਾ ਜੀ ਦਾ ਹੈ, ਜੋ ਪਾਠਕਾਂ ਦੀ ਭੇਂਟ ਹੈ।

*ਸੰਪਾਦਕ*

ਸੁਖਮਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਉੜੀ ਰਾਗ ਵਿਚ ਪੰਜਵੇਂ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਾਵਨ ਰਚਨਾ ਹੈ। 'ਸੁਖਮਨੀ' ਸ਼ਬਦ ਦੇ ਅਰਥ ਵਖ ਵਖ ਵਿਦਵਾਨਾਂ ਵੱਲੋਂ ਇਸ ਪ੍ਰਕਾਰ ਕੀਤੇ ਮਿਲਦੇ ਹਨ - 'ਸੁਖਮਨੀ=(੧) ਸੁਖਾਂ ਦੀ ਮਨੀ (ਮਣੀ)। (੨) ਮਨ ਨੂੰ ਸੁਖ ਦੇਣ ਵਾਲੀ ਬਾਣੀ। (੩) ਸੁਖਮਨਾ ਨਾੜੀ ਦੇ ਮੁਢ ਵਿਚ ਇਸਥਿਤ, ਕੁੰਡਲਿਨੀ (ਨਾੜੀ) ਨੂੰ ਸੁਲਝਾਅ ਦੇਣ ਵਾਲੀ ਬਾਣੀ।

ਨੋਟ :- (ੳ) ਮਹਲੇ ੪ ਦੀਆਂ ਬਿਲਾਵਲ, ਨਟ, ਕਾਨੜਾ ਅਤੇ ਕਲਿਆਨ ਰਾਗ ਦੀਆਂ ਕੁਲ ੨੪ ਅਸਟਪਦੀਆਂ ਦੇ ਸੰਗ੍ਰਹਿ ਦੀ ਸੰਗਿਆ ਵੀ 'ਸੁਖਮਨਾ' ਸਾਹਿਬ ਹੈ।

(ਅ) ਦਸਮ ਗ੍ਰੰਥ ਦੀ ਖ਼ਾਸ ਬੀੜ ਵਿਚ 'ਸੰਮਾਹਰ ਸੁਖਮਨਾ' ਨਾਮ ਦੀ ਇਕ ਬਾਣੀ ਦਰਜ ਹੈ।

ਉਪਰੋਕਤ ਸਾਰੇ ਅਰਥਾਂ ਦਾ ਤਾਤ-ਪਰਜ ਇਕੋ ਹੀ ਹੈ ਕਿ 'ਸੁਖਮਨੀ' ਸਰਬ ਪ੍ਰਕਾਰੀ ਸੁਖਾਂ ਦੀ ਖਾਣ ਹੈ। ਸਿਰਲੇਖ ਤੋਂ ਇਲਾਵਾ 'ਸੁਖਮਨੀ' ਪਦ ਇਸ ਬਾਣੀ ਵਿਚ ਤਿੰਨ ਵਾਰੀ ਆਇਆ ਹੈ :-

*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ (ਰਹਾਉ॥੧)*

*ਸੁਖਮਨੀ ਸਹਜ ਗੋਬਿੰਦ ਗੁਨ ਨਾਮ॥ ਜਿਸੁ ਮਨਿ ਬਸੈ ਸੁ ਹੋਤ ਨਿਧਾਨ॥ (੫॥੨੪)*

*ਸਭ ਤੇ ਊਚ ਤਾ ਕੀ ਸੋਭਾ ਬਨੀ॥ ਨਾਨਕ ਇਹ ਗੁਣਿ ਨਾਮੁ ਸੁਖਮਨੀ॥ (੮॥੨੪)*

ਉਪਰ ਵਰਣਿਤ ਤਿੰਨਾਂ ਹੀ ਹਵਾਲਿਆਂ ਤੋਂ ਵਿਦਤ ਹੈ ਕਿ 'ਸੁਖਮਨੀ' ਅਕਾਲ ਪੁਰਖ ਦੇ ਸੁਖਦਾਇਕ ਨਾਮ ਦੀ ਦ੍ਰਿੜ੍ਹਾਇਕ ਹੈ, ਜਿਸ ਦੇ ਸਿਮਰਨ ਨਾਲ ਮਨ ਨੂੰ ਅਨੰਤ ਹਰਖ ਅਤੇ ਸੁਖ ਮਿਲਦਾ ਹੈ।

ਸੁਖਮਨੀ ਦੀ ਪਹਿਲੀ ਅਸ਼ਟਪਦੀ ਦਾ ਆਰੰਭ ਹੀ 'ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ' ਤੁਕ ਤੋਂ ਹੁੰਦਾ ਹੈ ਤੇ ਇਹ ਸਮੱਗਰ ਬਾਣੀ ਨਾਮ-ਧੁਰੇ ਦੇ ਆਲੇ ਦੁਆਲੇ ਹੀ ਘੁੰਮਦੀ ਹੈ।

ਜਿਸ ਪਰਮ-ਹਸਤੀ ਦੇ ਸਿਮਰਨ ਕਰਨ ਦੀ 'ਸੁਖਮਨੀ' ਵਿਚ ਹਦਾਇਤ ਕੀਤੀ ਗਈ ਹੈ, ਉਸ ਦੇ ਸਰੂਪ ਅਤੇ ਗੁਣਾਂ ਦਾ ਗਿਆਨ ਵੀ ਅੰਦਰ ਹੀ ਦਿਤਾ ਹੋਇਆ ਹੈ -

*(੧) ਆਦਿ ਸਚੁ ਜੁਗਾਦਿ ਸਚੁ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ॥ (ਸਲੋਕ-੧੭)*

*(੨) ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥ ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥*

*(੩) ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਪ੍ਰਭ ਤੇ*

*ਸਗਲੀ ਉਤਪਤਿ॥ (੫॥੨੩)*

ਵਿਸ਼ਵ ਸੰਸਾਰ ਅਥਵਾ ਦ੍ਰਿਸ਼ਟਮਾਨ ਸਾਰੀ ਪ੍ਰਕਿਰਤੀ ਪਾਰਬ੍ਰਹਮ ਪਰਮੇਸ਼ਰ ਦੀ ਰਚਨਾ ਹੈ। ਇਹ ਰਚਨਾ ਅਤੀ ਮਨਮੋਹਣੀ ਹੈ, ਕਿਉਂ ਜੁ ਕਰਤਾ ਪੁਰਖ ਨੇ ਇਸ ਵਿਚ ਆਪਣੀ ਸੱਤਾ ਟਿਕਾਈ ਹੋਈ ਹੈ। ਇਹ ਪ੍ਰਕਿਰਤੀ ਨਿਰਗੁਣ ਪਾਰਬ੍ਰਹਮ ਦਾ ਸਰਗੁਣ ਸਰੂਪ ਹੈ, ਜਿਸ ਵਿਚੋਂ ਕਰਤਾ ਪੁਰਖ ਲਿਸ਼ਕਾਂ ਮਾਰਦਾ ਹੈ। ਮਨੁੱਖੀ ਮਨ ਦੀ ਕਸ਼ਸ਼ ਦੇ ਦੋ ਹੀ ਸ੍ਰੋਤ ਹਨ, ਪਹਿਲਾ ਸੁੰਦਰਾਵਲਾ ਪਾਰਬ੍ਰਹਮ, ਜੋ ਅਦ੍ਰਿਸ਼ਟ ਹੈ ਅਤੇ ਦੂਜਾ ਦ੍ਰਿਸ਼ਟਮਾਨ ਪਰਕਿਰਤੀ ਅਥਵਾ ਮਾਇਆ। ਕਰਤਾ ਅਬਿਨਾਸ਼ੀ ਹੈ, ਮਾਇਆ ਨਾਸ਼ਵਾਨ।

ਇਸ ਅਨੁਸਾਰ ਜੀਵਨ ਵਿਚ ਦੋ ਹੀ ਰਾਹ ਹਨ; ਇਕ 'ਲਿਵ' ਦਾ ਅਤੇ ਦੂਜਾ 'ਧਾਤੁ' ਦਾ। ਇਹ ਦੋਵੇਂ ਰਾਹ ਕਰਤਾ ਪੁਰਖ ਦੀ ਰਜ਼ਾ ਵਿਚ ਸਿਰਜੇ ਗਏ ਹਨ। ਧੁਰੋਂ ਲਿਖੇ 'ਕਿਰਤੁ ਕਰਮ' ਅਨੁਸਾਰ ਕੋਈ ਜੀਵ 'ਲਿਵ' ਦੇ ਰਾਹ ਦਾ ਪਾਂਧੀ ਬਣਦਾ ਹੈ, ਕੋਈ 'ਧਾਤ' ਦੇ ਰਾਹ ਦਾ। ਇਹਨਾਂ ਦੋਹਾਂ ਰਾਹਾਂ ਦੇ ਪਾਂਧੀਆਂ ਦਾ ਸ਼ਬਦੀ-ਚਿਤਰ ਸੁਖਮਨੀ ਸਾਹਿਬ ਵਿਚ ਚਿਤਰਿਆ ਮਿਲਦਾ ਹੈ।

## ਲਿਵ ਦਾ ਰਾਹ

'ਲਿਵ' ਦਾ ਰਾਹ ਅਥਵਾ ਗੁਰਮਤਿ ਗਾਡੀ ਰਾਹ ਆਪਣੇ ਅਸਲੇ, ਭਾਵ, ਅਦ੍ਰਿਸ਼ਟ ਪਾਰਬ੍ਰਹਮ ਨਾਲ ਸੰਬੰਧ ਜੋੜਨਾ ਹੈ। ਇਹ ਸੰਬੰਧ ਅੰਤਰ-ਆਤਮੇ ਜੁੜਦਾ ਹੈ, ਇਸ ਲਈ ਇਸ ਰਾਹ ਦੇ ਪਾਂਧੀ ਨੂੰ ਅੰਤਰਮੁਖੀ ਹੋਣਾ ਪੈਂਦਾ ਹੈ। ਇਸ ਮੰਤਵ ਲਈ ਪ੍ਰਮੁੱਖ ਸਾਧਨ ਨਾਮ-ਸਿਮਰਨ ਹੈ। ਸਿਮਰਨ ਦਾ ਅੱਖਰੀ ਅਰਥ ਹੈ ਆਪਣੇ ਇਸ਼ਟ ਦੇ ਨਾਮ ਅਥਵਾ ਉਸਦੇ ਗੁਣਾਂ ਦਾ ਮਨ ਬ੍ਰਿਤੀ ਇਕਾਗਰ ਕਰਕੇ ਚਿੰਤਨ ਕਰਨਾ। ਸੋ ਸਿਮਰਨ ਕਰਨਾ, ਭਜਨ ਕਰਨਾ, ਜਾਪ ਜਪਣਾ, ਨਾਮ ਧਿਆਉਣਾ, ਪਰਯਾਯ-ਵਾਚੀ ਸ਼ਬਦ ਹਨ।

ਨਾਮ ਸਿਮਰਨ ਦੇ ਕਰਨ ਨਾਲ ਮਨੁੱਖ ਦਾ ਅਮੋੜ ਮਨ ਵਸ ਵਿਚ ਆ ਜਾਂਦਾ ਹੈ। ਨਿਰਮਲ ਮਨ ਅੰਦਰ ਸਤ ਸੰਤੋਖ, ਦਇਆ, ਧਰਮ, ਧੀਰਜ, ਮਿੱਠਤ, ਨਿਮ੍ਰਤਾ, ਸਹਨ-ਸ਼ੀਲਤਾ ਆਦਿ ਦੈਵੀ ਗੁਣ ਸਹਜੇ ਹੀ ਉਤਪੰਨ ਹੋ ਜਾਂਦੇ ਹਨ, ਜਿਸ ਦੇ ਤੁਫੈਲ ਮਨੁਖ ਦੀ ਸਮੁੱਚੀ ਸ਼ਖ਼ਸੀਅਤ ਰਸੀਲੀ ਹੋ ਜਾਂਦੀ ਹੈ ਅਤੇ ਜੀਵਨ-ਚਾਲ ਸਾਵੀਂ, ਪਧਰੀ ਅਤੇ ਨਿਰਮਲ ਹੋ ਜਾਂਦੀ ਹੈ।

ਨਾਮ 'ਪਾਰਜਾਤ' ਹੈ, 'ਕਾਮਧੇਨ' ਹੈ। ਜਿਸ ਦੇ ਹਿਰਦੇ ਵਿਚ ਨਾਮ ਸਿਮਰਨ ਆ ਵਸੇ, ਰਿਧੀਆਂ, ਸਿਧੀਆਂ, ਨਿਧੀਆਂ ਉਸਦੀ ਪਰਕਰਮਾ ਕਰਦੀਆਂ ਹਨ। ਨਾਮ ਸਿਮਰਨ ਦਾ ਅਮੋਲਕ ਖ਼ਜ਼ਾਨਾ, ਜਿਸ ਵਡਭਾਗ ਮਨੁੱਖ ਦੇ ਹੱਥ ਚੜ੍ਹ ਜਾਏ ਉਸਦੀਆਂ ਸਾਰੀਆਂ ਭੁੱਖਾਂ ਮਿਟ ਜਾਂਦੀਆਂ ਹਨ ਅਤੇ ਪੂਰਨ ਤ੍ਰਿਪਤੀ ਹੋ ਆਂਵਦੀ ਹੈ। ਨਾਮ-ਸਿਮਰਨ ਵਾਲੇ ਮਨੁਖ ਧਨਵੰਤ, ਕੁਲਵੰਤ, ਪਤਵੰਤ, ਜੀਵਨ ਮੁਕਤ, ਪਰਵਾਨ, ਪ੍ਰਧਾਨ ਤੇ ਬੇ-ਮੁਹਤਾਜ ਕਰਕੇ ਸਤਿਕਾਰੇ ਜਾਂਦੇ ਹਨ। ਇਸ ਤਰ੍ਹਾਂ ਹਲਤੁ ਪਲਤ ਵਿਚ ਉਹਨਾਂ ਦੀ ਸ਼ੋਭਾ-ਸ਼ਕਤੀ ਵਿਚ ਵਾਧਾ ਹੁੰਦਾ ਹੈ। ਨਾਮ ਦੀ ਪਾਰਸ ਛੋਹ ਸਦਕਾ ਅਖੌਤੀ ਨੀਚ-ਜਾਤ ਮਨੁਖ ਵੀ ਪਰਮ ਪੁਰਖ, ਸੰਤ, ਭਗਤ, ਸਾਧ, ਬ੍ਰਹਮ-ਗਿਆਨੀ ਆਦਿ ਹੋ ਨਿਬੜਦੇ ਹਨ। ਉਹਨਾਂ ਨੂੰ ਲੋਕ ਪ੍ਰਲੋਕ ਵਿਚ ਆਦਰ ਸਤਿਕਾਰ ਮਿਲਦਾ ਹੈ।

ਹਰਿ ਸਿਮਰਨ ਦੀ ਬਰਕਤ ਨਾਲ ਮਨੁੱਖ ਕਰਤਾ ਪੁਰਖ ਦੇ ਸੱਚ ਸਰੂਪ ਵਿਚ ਲੀਨ ਹੋ ਕੇ ਅਟੱਲ ਅਮਰ ਪਦਵੀ ਨੂੰ ਪ੍ਰਾਪਤ ਹੋ ਜਾਂਦਾ ਹੈ। ਉਸਦਾ ਆਵਾ ਗਵਨ ਦਾ ਚੱਕਰ ਮਿਟ ਜਾਂਦਾ ਹੈ।

ਪਾਰਬ੍ਰਹਮ ਵਿਚ ਲੀਨਤਾ ਲਈ ਨਾਮ-ਸਿਮਰਨ ਹੀ ਸਰਬੋਤਮ ਅਤੇ ਸ੍ਰੇਸ਼ਟ ਸਾਧਨ ਹੈ। ਮਨੁੱਖੀ ਸਰੀਰ ਦੇ ਕਰਮ ਅਤੇ ਗਿਆਨ ਇੰਦਰਿਆਂ ਦਾ ਸਰਦਾਰ 'ਮਨ' ਨਾਮ-ਸਿਮਰਨ ਤੋਂ ਸਿਵਾ ਕਿਸੇ ਹੋਰ ਹੀਲੇ ਵਸੀਲੇ ਵਸ ਵਿਚ ਨਹੀਂ ਆਉਂਦਾ। ਨਾਮ-ਸਿਮਰਨ ਨਾਲ ਮਨ ਕੀਲਿਆ ਜਾਂਦਾ ਹੈ। ਹੋਰ ਸਾਰੇ ਕਰਮ-ਧਰਮ, ਪੁੰਨ-ਦਾਨ, ਜਪ-ਤਪ, ਵਰਤ-ਨੇਮ, ਸੰਜਮ ਆਦਿ ਸਾਧਨ ਨਾਮ ਦੇ ਮੁਕਾਬਲੇ ਤੁੱਛ ਹਨ। ਧਰਮ ਰਾਜ ਦੀ ਦਰਗਾਹ ਵਿਚ ਇਹਨਾਂ ਫੋਕਟ ਕਰਮਾਂ ਧਰਮਾਂ ਦਾ ਕਉਡੀ ਮੂਲ ਨਹੀਂ। ਸੱਚੀ ਦਰਗਾਹ ਵਿਚ ਪ੍ਰਵਾਣ ਚੜ੍ਹਨ ਲਈ ਨਾਮ-ਨੀਸ਼ਾਨ ਹੀ ਪਰਖ-ਵਟੀ ਹੈ। ਨਾਮੀ ਪੁਰਸ਼ ਮੂਹਰੇ ਧਰਮ-ਰਾਜ ਵੀ ਨਮਸ਼ਕਾਰ ਕਰਦਾ ਹੈ।

## ਧਾਤੁ ਦਾ ਰਾਹ

ਦੂਜੇ ਪਾਸੇ 'ਧਾਤੁ' ਦਾ ਰਾਹ ਹੈ ਦ੍ਰਿਸ਼ਟਮਾਨ ਪਰਕਿਰਤੀ ਅਥਵਾ ਮਾਇਆ ਨਾਲ ਸੰਬੰਧ ਜੋੜਨਾ। ਸ਼ਕਤੀ ਦੀ ਪੂਜਾ ਵਾਲਾ ਇਹ ਸ਼ਾਕਤ-ਪੰਥ ਹੈ। ਇਹ ਸੱਚ ਛੜ ਕੇ ਕੱਚ ਵਿਹਾਝਣ ਵਾਲਾ ਪਾਗਲਪਨ ਹੈ, ਚੰਦਨ-ਲੇਪ ਛਡ ਕੇ ਖੇਹ ਵਿਚ ਖਉਰੂ ਪਾਣ ਵਾਲਾ ਪਸ਼ੂਪੁਣਾ ਹੈ।

'ਧਾਤੁ' ਅਥਵਾ ਮਾਇਆ ਦੀ ਪ੍ਰੀਤ ਤੋਂ ਤ੍ਰਿਸ਼ਨਾ ਉਪਜਦੀ ਹੈ। ਤ੍ਰਿਸ਼ਨਾ ਬੜੀ ਨਾ-ਮੁਰਾਦ ਬਲਾਅ ਹੈ। ਇਹ ਅਜਿਹੀ ਅਗਨੀ ਹੈ ਜੋ ਮਨੁੱਖ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ। ਮਨੁੱਖ ਨੇ ਸਦੀਆਂ ਤੋਂ ਤਜਰਬਾ ਕਰਕੇ ਦੇਖ ਲਿਆ ਹੈ ਕਿ ਮਾਇਕੀ ਪਦਾਰਥਾਂ ਦੀ ਪ੍ਰਾਪਤੀ ਨਾਲ

***(ਬਾਕੀ ਪੰਨਾ 23 'ਤੇ)***

# ਸਤਿਗੁਰ ਦਾਤਾ ਨਾਮ ਕਾ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

*ਸਤਿਗੁਰੁ ਦਾਤਾ ਹਰਿ ਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ॥*
*ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰੁ ਨ ਕੋਇ॥*
*ਹਉ ਗੁਰ ਸਰਣਾਈ ਢਹਿ ਪਵਾ ਕਰਿ ਦਇਆ ਮੇਲੇ ਪ੍ਰਭੁ ਸੋਇ॥੨॥* *ਅੰਗ - ੩੯*

*ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ॥* *ਅੰਗ - ੪੯*

*ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ॥੩॥੪॥੧੯॥* *ਅੰਗ - ੮੯*

*ਸਤਿਗੁਰੁ ਦਾਤਾ ਰਾਮ ਨਾਮ ਕਾ ਹੋਰੁ ਦਾਤਾ ਕੋਈ ਨਾਹੀ॥*
*ਜੀਅ ਦਾਨੁ ਦੇਇ ਤ੍ਰਿਪਤਾਸੇ ਸਚੈ ਨਾਮਿ ਸਮਾਹੀ॥੨॥ (੫॥॥੪)* *ਅੰਗ - ੧੨੫੮*

ਉਪਰਲੇ ਗੁਰਵਾਕ ਸਾਫ਼ ਪ੍ਰਗਟ ਕਰਦੇ ਹਨ ਕਿ ਕੇਵਲ ਸਤਿਗੁਰੂ ਹੀ ਨਾਮ ਦਾ ਦਾਤਾ ਹੈ ਤੇ ਐਸੇ ਸਤਿਗੁਰੂ ਦਾ ਮੇਲ ਪ੍ਰਭੂ ਪ੍ਰਮਾਤਮਾ ਦੀ ਨਦਰ ਪ੍ਰਸਾਦਿ ਮਿਲਣੀ ਦੁਆਰਾ ਹੀ ਹੁੰਦਾ ਹੈ। ਧੁਰੋਂ ਪਠਾਏ ਹੁਕਮ ਅਨੁਸਾਰ ਸਤਿਗੁਰੂ ਨਾਨਕ ਦੇਵ ਜੀ ਇਸ ਸੰਸਾਰ ਵਿਚ ਆਏ ਅਤੇ ਉਹਨਾਂ ਨੇ ਸਾਰੇ ਸੰਸਾਰ ਵਿਚ ਨਾਮ ਦਾ ਚੱਕਰ ਫਿਰਾਇਆ। ਨਾਮ ਵੀ ਗੁਰੂ ਸਾਹਿਬ ਨੇ ਸਤਿਨਾਮ ਵਾਲਾ ਗੁਰਮੰਤ੍ਰ ਬਖਸ਼ਿਆ, ਜੋ ਕਿਰਤਮ ਨਾਮਾਂ ਤੋਂ ਵੱਖਰਾ ਤੇ ਅਕਾਲ ਪੁਰਖ ਦਾ ਨਿਜ ਸੰਕੇਤਿਆ ਨਾਮ ਹੈ। ਧੁਰ ਲਿਖਤ ਸੰਜੋਗਾਂ ਅਨੁਸਾਰ ਹੀ ਅਧਿਕਾਰੀ ਜਨਾਂ ਨੂੰ ਗੁਰੂ ਦਾ ਮਿਲਾਪ ਪ੍ਰਾਪਤ ਹੁੰਦਾ ਹੈ। ਗੁਰੂ ਕਿਸੇ ਆਦਮੀ ਦੇ ਬਣਾਏ ਨਹੀਂ ਬਣਦੇ ਅਤੇ ਨਾ ਹੀ ਆਪਣੀ ਬਣਾਉਟ ਦੁਆਰਾ ਬਣਦੇ ਹਨ। ਇਹ ਤਾਂ ਧੁਰੋਂ ਪਠਾਏ ਹੁੰਦੇ ਹਨ। ਅਕਾਲੀ ਹੁਕਮ ਅਨੁਸਾਰ ਏਸ ਕਲੀਕਾਲ ਅੰਦਰ ਸਤਿਗੁਰੂ ਦੀ ਪਦਵੀ ਪ੍ਰਾਪਤ ਹੋਈ ਤਾਂ ਕੇਵਲ ਸਤਿਗੁਰੂ ਨਾਨਕ ਦੇਵ ਨੂੰ ਹੀ ਹੋਈ। ਆਪ ਤੋਂ ਪਿਛੋਂ ਇਹ ਪਦਵੀ ਬਾਕੀ ਨੌਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੋਈ। ਹੋਰ ਕਿਸੇ ਦੇਹਧਾਰੀ ਨੂੰ ਨਾ ਇਹ ਪਦਵੀ ਪ੍ਰਾਪਤ ਹੋਈ, ਨਾ ਹੋਣੀ ਹੈ ਅਤੇ ਨਾ ਹੋਵੇਗੀ। ਗੁਰੂ ਸਤਿਗੁਰੂ ਦਾ ਪਦ ਕੇਵਲ ਧੁਰੋਂ ਪਠਾਏ ਗੁਰੂ ਨਾਨਕ ਸਾਹਿਬ ਜੀ ਪ੍ਰਥਾਇ ਹੀ ਘਟਦਾ ਹੈ। ਐਸੇ ਸਤਿਗੁਰੂ ਤੋਂ ਹੀ ਹਰਿ ਪ੍ਰਭ ਬੁੱਝੀਦਾ ਹੈ, ਐਸੇ ਸਤਿਗੁਰੂ ਦੀ ਸ਼ਰਨੀ ਢਹਿ ਪੈਣ ਕਰਕੇ ਹੀ ਗੁਰਸਿੱਖਾਂ ਦਾ ਨਿਸਤਾਰਾ ਹੈ।

ਭਾਈ ਗੁਰਦਾਸ ਜੀ ਨੇ ਨਾਮ ਦੇ ਦਿੱਤੇ ਤੇ ਸਾਧ ਤੇ ਗੁਰਮੁਖ ਸੰਬੰਧੀ ਇਉਂ ਫੁਰਮਾਇਆ ਹੈ -

*ਥੰਮੈ ਕੋਇ ਨ ਸਾਧ ਬਿਨੁ ਸਾਧ ਨ ਦਿਸੈ ਜਗ ਵਿਚ ਕੋਆ॥* *ਵਾਰ ੧, ਪਉੜੀ ੨੨*

*ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ॥ ਕਲਿ ਤਾਰਣ ਗੁਰੁ ਨਾਨਕ ਆਇਆ॥* *ਵਾਰ ੧, ਪਉੜੀ ੨੩*

ਇਨ੍ਹਾਂ ਤੁਕਾਂ ਵਿਚ ਭਾਈ ਗੁਰਦਾਸ ਜੀ ਨੇ 'ਸਾਧ' ਸ਼ਬਦ ਸ੍ਰੀ ਗੁਰੂ ਨਾਨਕ ਸਾਹਿਬ ਲਈ ਵਰਤਿਆ ਹੈ ਅਤੇ ਸਤਿਨਾਮ ਦਾ ਦਾਤਾ ਤੇ ਕਲਿਜੁਗ ਦੇ ਤਾਰਨਹਾਰ ਵੀ ਉਨ੍ਹਾਂ ਨੂੰ ਹੀ ਲਿਖਿਆ ਹੈ। ਗੁਰਬਾਣੀ ਵਿਚ 'ਸੰਤ' 'ਸਾਧ' ਪਦ ਬਹੁਤੇ, ਗੁਰੂ ਸਾਹਿਬਾਨ ਪ੍ਰਥਾਇ ਹੀ ਵਰਤੇ ਗਏ ਹਨ। 'ਗੁਰਮੁਖ ਕਲਿ ਵਿਚ ਪਰਗਟ ਹੋਆ।' ਦੀ ਪੰਗਤੀ ਅੰਦਰ 'ਗੁਰਮੁਖ' ਪਦ ਸ੍ਰੀ ਗੁਰੂ ਨਾਨਕ ਸਾਹਿਬ ਪ੍ਰਥਾਇ ਹੀ ਵਰਤਿਆ ਹੈ। ਗੁਰਬਾਣੀ ਵਿਚ ਜਿੱਥੇ 'ਗੁਰਮੁਖ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ' ਵਾਕ ਆਉਂਦਾ ਹੈ ਉੱਥੇ ਗੁਰਮੁਖ ਕੇਵਲ ਗੁਰੂ ਸਾਹਿਬ ਪ੍ਰਥਾਇ ਹੀ ਘਟਦਾ ਹੈ, ਕਿਸੇ ਇਕ ਗੁਰਸਿੱਖ ਪ੍ਰਥਾਇ ਨਹੀਂ ਘਟਦਾ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਅੰਮ੍ਰਿਤ-ਧਾਰੀ ਸਿੰਘ ਨੂੰ ਨਾਮ (ਗੁਰਮੰਤ੍ਰ) ਦੇ ਸਕਦੇ ਹਨ। ਹੋਰ ਕੋਈ ਇਕੱਲਾ ਸਿੱਖ, ਜਾਂ ਕਿਸੇ ਹੋਰ ਗੁਰੂ ਦਾ ਸੰਤ, ਸਾਧ, ਭਗਤ, ਗੁਰਮੁਖ ਨਾਮ ਦੇਣ ਲਈ ਉਪਦੇਸ਼ਟਾ ਗੁਰੂ, ਜਾਂ ਮੰਜੀ ਗੁਰੂ, ਅਥਵਾ ਕੋਈ ਗਿਆਰਵਾਂ ਚੌਧਵਾਂ ਗੁਰੂ ਨਹੀਂ ਹੋ ਸਕਦਾ, ਅਤੇ ਨਾ ਹੀ ਕੋਈ ਸਿੱਖ ਸੰਤ ਆਪਣੇ ਆਪ ਨੂੰ ਸ੍ਰੀ ਗੁਰੂ ਨਾਨਕ ਦਾ ਅਵਤਾਰ ਕਹਾ ਸਕਦਾ ਹੈ। ਐਸਾ ਕਰਨਾ ਗੁਰਮਤਿ ਤੋਂ ਉਲਟ ਅਤੇ ਘਾਟੇ ਦਾ ਸੌਦਾ ਹੈ।

*'ਨਾਮ ਤੇ ਨਾਮ ਦਾ ਦਾਤਾ ਸਤਿਗੁਰੂ' ਪੁਸਤਕ ਵਿਚੋਂ*

# ਕੀਰਤਨ ਤੇ ਕੀਰਤਨੀਆ

*[ਬੀਬੀ ਭੁਪਿੰਦਰ ਕੌਰ ਜੀ]*

ਕੀਰਤਨ ਨਿਹਚਲ ਕਰਮ ਹੈ, ਅਤੇ ਇਹ ਅਕਾਲ ਪੁਰਖ ਦੀ ਨੇੜਤਾ ਪ੍ਰਾਪਤ ਕਰਨ ਲਈ ਇਕ ਸਰਲ ਵਿਧੀ ਹੈ। ਕੀਰਤਨ ਨੂੰ ਸੰਗੀਤ ਰਾਹੀਂ ਅਲਾਪਣਾ, ਅਥਵਾ ਰਾਗਾਂ ਰਾਹੀਂ ਬਾਣੀ ਦਾ ਉਚਾਰਨ ਕਰਨਾ ਵੀ ਇਕ ਭਗਤੀ ਹੈ। ਸੰਗੀਤ ਦਾ ਜਨਮ ਟਿਕੇ ਹੋਏ ਹਿਰਦੇ ਤੋਂ ਹੋਇਆ ਹੈ, ਪਰ ਨਿਰੇ ਸੰਗੀਤ ਵਿਚੋਂ ਹੀ ਮਨ ਦਾ ਟਿਕਾਊ ਲੱਭਣ ਦੀ ਕੋਸ਼ਿਸ਼ ਕਰੀਏ ਤਾਂ ਅਸੰਭਵ ਹੈ। ਸੁਰਤੀ ਅਕਾਲ ਪੁਰਖ ਵਲ ਕਰ ਕੇ, ਮਨ ਕਰ ਕੇ ਟਿਕ ਜਾਈਏ ਤਾਂ ਸੰਗੀਤਕ ਝਰਨੇ ਆਪੇ ਹੀ ਵਹਿ ਤੁਰਦੇ ਹਨ।

ਇਹ ਕੀਰਤਨ-ਪਰੰਪਰਾ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਅਰੰਭ ਕੀਤੀ। ਭਾਈ ਮਰਦਾਨਾ ਜੀ ਨੂੰ ਰਬਾਬ ਪਕੜਾ ਕੇ ਆਪ ਅਕਾਲ ਪੁਰਖ ਨਾਲ ਜੁੜ ਜਾਣਾ ਤੇ ਫਿਰ ਜੋ ਅਰਸ਼ੀ ਬਾਣੀ ਅਕਾਲ ਪੁਰਖ ਨੇ ਬਖ਼ਸ਼ਣੀ ਉਸ ਦਾ ਟਿਕਾਅ ਅਤੇ ਵਜਦ ਵਿਚ ਕੀਰਤਨ ਕਰਨਾ।

ਜਦੋਂ ਸਤੇ ਬਲਵੰਡ ਨੇ ਹਉਮੈਂ ਵਿਚ ਆ ਕੇ ਕੀਰਤਨ ਕਰਨ ਤੋਂ ਇਨਕਾਰ ਕੀਤਾ ਤਾਂ ਸਤਿਗੁਰੂ ਸੱਚੇ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਸਰੰਦਾ ਚੁੱਕਿਆ ਤੇ ਕੀਰਤਨ ਦੀ ਸੰਗੀਤਕ ਰਾਗ-ਮਈ ਧੁਨ ਛੇੜ ਦਿਤੀ। ਸ਼ਾਂਤੀ ਤੇ ਸਬਰ ਦੇ ਪੁੰਜ ਗੁਰੂ ਪਾਤਸ਼ਾਹ ਜੀ ਨੇ ਫਿਰ ਸੰਗਤਾਂ ਨੂੰ ਰਲ ਮਿਲ ਕੇ ਕੀਰਤਨ ਕਰਨ ਦਾ ਉਪਦੇਸ਼ ਦਿਤਾ।

ਅਸਲ ਵਿਚ ਸੰਗੀਤ ਦਾ ਜਨਮ ਕਾਦਰ ਦੀ ਕੁਦਰਤ ਨਾਲ ਇਕ-ਮਿਕ ਹੋਏ ਹਿਰਦਿਆਂ ਤੋਂ ਹੀ ਹੋਇਆ ਹੈ। ਜੋ ਕੁਝ ਅਸੀਂ ਬੋਲਦੇ ਹਾਂ, ਜੇ ਉਹ ਬੋਲੇ ਹੋਏ ਸ਼ਬਦ ਕਿਸੇ ਤਰਤੀਬ ਵਿਚ ਹੋਵਣ ਤਾਂ ਉਸ ਨੂੰ ਅਸੀਂ ਕਵਿਤਾ ਦੀ ਸੰਗਿਆ ਦੇਂਦੇ ਹਾਂ। ਇਸੇ ਤਰ੍ਹਾਂ ਗਲੇ ਵਿਚੋਂ ਨਿਕਲੇ ਸੁਰ ਜੇਕਰ ਕਿਸੇ ਤਰਤੀਬ ਵਿਚ ਹੋਣ ਤਾਂ ਉਹ ਸੰਗੀਤ ਬਣ ਜਾਂਦਾ ਹੈ।

ਹਿਰਦੇ ਦੀ ਗਹਿਰਾਈ ਵਿਚੋਂ ਜਦੋਂ ਸੰਗੀਤ ਦੀ ਧੁਨ ਉਠਦੀ ਹੈ ਤਾਂ ਮਨ ਮਉਲ ਉਠਦਾ ਹੈ। ਜੇਕਰ ਸੰਗੀਤ ਕੀਰਤਨ ਦੇ ਰੂਪ ਵਿਚ ਵਸ ਪਏ, ਤੇ ਵਸੇ ਉਸ ਹਿਰਦੇ ਵਿਚੋਂ, ਜੋ ਹਿਰਦਾ ਉਸ ਪਿਆਰੇ ਦੀ ਯਾਦ ਵਿਚ ਨਿਮਗਨ ਹੋਵੇ ਤਾਂ ਕਹਿਬੇ ਕਉ ਸੋਭਾ ਨਹੀ।

ਰਾਗ ਇਕ ਸੁੰਦਰ ਬਰਤਨ ਹੈ। ਜਦੋਂ ਇਸ ਵਿਚ ਗੁਰੂ ਦੀ ਬਾਣੀ, ਗੁਰੂ ਦਾ ਸ਼ਬਦ ਆ ਪੈਂਦਾ ਹੈ ਤਾਂ ਉਹ ਕੀਰਤਨ ਬਣ ਜਾਂਦਾ ਹੈ, ਜੋ ਜੀਵ ਦੀਆਂ ਸਾਰੀਆਂ ਭੁੱਖਾਂ ਮੇਟ ਦਿੰਦਾ ਹੈ। ਫ਼ੁਰਮਾਨ ਹੈ -

***ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥੧॥੪॥***
***ਅੰਗ - ੯੫੮***

ਗੁਰਬਾਣੀ ਨੂੰ ਸੰਗੀਤ ਵਿਚ ਪਾ ਕੇ ਪ੍ਰੇਮ ਨਾਲ ਗਾਉਣ ਵਾਲਾ 'ਕੀਰਤਨੀਆ' ਅਖਵਾਂਦਾ ਹੈ ਤੇ ਉਸ ਦੀ ਪਦਵੀ ਮਹਾਨ ਹੈ -

***ਭਲੋ ਭਲੋ ਰੇ ਕੀਰਤਨੀਆ॥***
***ਰਾਮ ਰਮਾ ਰਾਮਾ ਗੁਨ ਗਾਉ॥***
***ਛੋਡਿ ਮਾਇਆ ਕੇ ਧੰਧ ਸੁਆਉ॥੧॥ਰਹਾਉ॥***
***ਅੰਗ - ੮੮੫***

ਕੀਰਤਨ ਉਸ ਦਾ ਹੀ ਕਰਨਾ ਬਣਦਾ ਹੈ ਜੋ ਵਡੀ ਕੀਰਤੀ ਦਾ ਮਾਲਕ ਹੈ ਤੇ ਜਿਸ ਦੀ ਹਸਤੀ ਏਨੀ ਗੌਰਵਸ਼ੀਲ ਹੈ ਕਿ ਉਸ ਦੀ ਉਸਤਤੀ ਕਰਦਿਆਂ ਜ਼ਬਾਨ ਥਕ ਜਾਏ, ਪਰ ਉਸ ਦੇ ਗੁਣ ਨਾ ਮੁੱਕਣ।

***ਐਸੋ ਧਣੀ ਗੁਵਿੰਦੁ ਹਮਾਰਾ॥***
***ਬਰਨਿ ਨ ਸਾਕਉ ਗੁਣ ਬਿਸਥਾਰਾ॥੧॥ਰਹਾਉ॥***
***ਅੰਗ - ੧੧੫੬***

ਸੋ ਕੀਰਤਨ ਉਸ ਦਾ ਕਰੀਏ, ਜਿਸ ਦੇ ਕਰਨ ਨਾਲ ਆਤਮਕ ਸ਼ਾਂਤੀ ਮਿਲੇ ਅਤੇ ਚੜ੍ਹਦੀ ਕਲਾ ਹੋਵੇ ਤੇ ਜੀਵਨ-ਜਾਚ ਪ੍ਰਾਪਤ ਹੋਵੇ। ਐਹੋ ਜਿਹੇ ਚੋਜੀ ਦੀ ਕੀਰਤੀ ਕਰਨ ਲੱਗਿਆਂ ਜਿਥੇ ਸਾਜ਼ਾਂ ਦਾ ਸੁਰ ਹੋਣਾ ਜ਼ਰੂਰੀ ਹੈ, ਉਥੇ ਜੀਵਨ ਵੀ ਸੁਰ ਹੋਣਾ ਬਹੁਤ ਜ਼ਰੂਰੀ ਹੈ। ਹਾਰਮੋਨੀਅਮ, ਸਰੰਦਾ ਜਾਂ ਤਬਲਾ ਥੋੜਾ ਜਿਹਾ ਵੀ ਬੇਸੁਰਾ ਹੋਵੇ ਤਾਂ ਕੀਰਤਨ ਕਰਨਹਾਰਾ ਬੜੀ ਔਖ ਮਹਿਸੂਸ ਕਰਦਾ ਹੈ। ਕੀਰਤਨ ਕਰਨ ਤੋਂ ਪਹਿਲਾਂ ਅਸੀਂ ਆਪਣੇ ਸਾਜ਼ ਸੁਰ ਕਰਦੇ ਹਾਂ ਅਤੇ ਗਲੇ ਵਿਚੋਂ ਠੀਕ ਸੁਰ ਕੱਢਣ ਲਈ ਕੁਝ ਓੜ-ਤੋੜ ਕਰਦੇ

**(ਬਾਕੀ ਪੰਨਾ 30 'ਤੇ)**

# ਮਨਿ ਜੀਤੈ ਜਗੁ ਜੀਤੁ

*[ਪ੍ਰਿੰਸੀਪਲ ਸੱਜਣ ਸਿੰਘ ਜੀ]*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ ਦੀ ੨੮ਵੀਂ ਪੌੜੀ ਵਿਚ ਜੋਗੀਆਂ ਤੋਂ ਗੁਰਮਤਿ ਸਿਧਾਂਤਾਂ ਦੇ ਤੁਲਨਾਤਮਿਕ ਵਿਚਾਰ ਅੰਕਿਤ ਕੀਤੇ ਹਨ। ਮੁੰਦਰਾਂ ਸੰਤੋਖ ਦੀਆਂ, ਖੱਪਰ ਝੋਲੀ ਮਿਹਨਤ ਦੀ, ਬਿਭੂਤੀ ਧਿਆਨ ਦੀ, ਖਫਣੀ ਮੌਤ ਦੀ ਯਾਦ, ਕਾਇਆ ਵਿਚ ਪਵਿੱਤਰਤਾ, ਡੰਡਾ ਨਿਸਚੇ ਦਾ, ਸ਼੍ਰੋਮਣੀ ਆਈ ਪੰਥ ਮਾਨਵਤਾ ਵਿਚ ਬਰਾਬਰੀ ਦਾ ਅਤੇ ਜੱਗ ਨੂੰ ਜਿੱਤਣ ਦਾ ਆਧਾਰ ਮਨ ਦੀ ਜਿੱਤ ਹੋਵੇ। ਹਜ਼ੂਰ ਦਾ ਇਹ ਪਾਵਨ ਉਪਦੇਸ਼ ਜੋਗੀਆ ਦੇ ਕਰਮ ਕਾਂਡ ਤੋਂ ਬਾਹਰਲੇ ਭੇਖ ਪਹਿਰਾਵਿਆਂ ਨੂੰ ਦੈਵੀ ਗੁਣਾਂ ਨਾਲ ਸ਼ਿੰਗਾਰਨ ਲਈ ਹੈ।

ਬਿਬੇਕ ਬੁੱਧੀ ਦੀ ਘਾਟ ਤੇ ਰੱਬੀ ਗਿਆਨ ਤੋਂ ਕੋਰੇ ਜੋਗੀ ਅਧਿਆਤਮਕ ਖੇਤਰ ਵਿਚ ਕਈ ਰੋਗਾਂ ਦੇ ਸ਼ਿਕਾਰ ਸਨ, ਪਰ ਜੱਗ ਜਿੱਤਣ ਦਾ ਭੁਲੇਖਾ ਉਨ੍ਹਾਂ ਦੀ ਵਿਚਾਰਧਾਰਾ ਦਾ ਵਿਸ਼ੇਸ਼ ਅੰਗ ਸੀ। ਇਹਨਾਂ ਦੇ ਦ੍ਰਿਸ਼ਟੀਕੋਣ ਵਿੱਚ ਨਿਰਾਸ਼ਾਵਾਦੀ ਦਾ ਅੰਸ਼ ਇਸ ਹੱਦ ਤਕ ਸਮਾਇਆ ਹੋਇਆ ਸੀ ਕਿ ਇਹ ਸੰਸਾਰ ਕੇਵਲ ਬਿਖੁਵਤ ਅਤਿ ਭਉਜਲ, ਫਾਨੀ, ਸਿਹਰ ਮੇਲਾ ਤੇ ਗੁੱਝੀ ਭਾਹਿ ਨਾਲ ਜਲਦਾ ਹੀ ਪ੍ਰਤੀਤ ਹੁੰਦਾ ਸੀ। ਇਸ ਤ੍ਰਿਸ਼ਨਾ ਦੀ ਅੱਗ ਤੋਂ, ਮੋਹ ਦੇ ਚਿੱਕੜ ਤੋਂ ਬਚਣ ਦਾ ਇਕੋ ਇਲਾਜ ਇਨ੍ਹਾਂ ਪਾਸ ਸੀ- ਘਰ-ਬਾਰ ਤਿਆਗ ਕੇ ਜੋਗ ਮੱਤ ਧਾਰਨ ਕਰਨਾ। ਪਰ ਵਾਸਤਵ ਵਿਚ ਜਿਹੜਾ ਇਨਸਾਨ ਸੰਸਾਰ-ਅਖਾੜੇ ਵਿੱਚ ਪੰਜ ਜੁਆਨਾਂ ਤੇ ਉਨ੍ਹਾਂ ਦੇ ਦੁਸ਼ਟ ਸਾਥੀਆਂ ਨਾਲ ਸੰਘਰਸ਼ ਨਹੀਂ ਕਰਦਾ, ਬਲਕਿ ਜੰਗਲਾਂ ਨੂੰ ਭੱਜਦਾ ਹੈ, ਉਹ ਜੇਤੂ ਕਿਵੇਂ ਅਖਵਾ ਸਕਦਾ ਹੈ? ਭਾਈ ਗੁਰਦਾਸ ਜੀ ਨੇ, ਹਜ਼ੂਰ ਦੀ ਜੋਗੀ ਭੰਗਰ ਨਾਥ ਨਾਲ ਹੋਈ ਵਾਰਤਾਲਾਪ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ -

*ਖਾਧੀ ਖੁਣਸਿ ਜੁਗੀਸਰਾਂ, ਗੋਸਟਿ ਕਰਨ ਸਭੇ ਉਠਿ ਆਈ।*
*ਪੁਛੇ ਜੋਗੀ ਭੰਗਰਨਾਥੁ, ਤੁਹਿ ਦੁਧ ਵਿਚਿ ਕਿਉਂ ਕਾਂਜੀ ਪਾਈ।*
*ਫਿਟਿਆ ਚਾਟਾ ਦੁਧ ਦਾ, ਰਿੜਕਿਆਂ ਮਖਣ ਹਥਿ ਨ ਆਈ॥*
*ਭੇਖੁ ਉਤਾਰਿ ਉਦਾਸ ਦਾ ਵਤਿ ਕਿਉ ਸੰਸਾਰੀ ਰੀਤਿ ਚਲਾਈ।*
*ਨਾਨਕ ਆਖੇ ਭੰਗਰਨਾਥ, ਤੇਰੀ ਮਾਉ ਕੁਚਜੀ ਆਹੀ।*
*ਭਾਂਡਾ ਧੋਇ ਨ ਜਾਤਿਓਨਿ, ਭਾਇ ਕੁਚੱਜੇ ਫੁਲੁ ਸੜਾਈ।*
*ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਓਨਹੁ ਕੇ ਘਰਿ ਮੰਗਣਿ ਜਾਈ।*
*ਬਿਨੁ ਦਿਤੇ, ਕਛੁ ਹਥਿ ਨ ਆਈ॥*

*(ਵਾਰ ੧, ਪਉੜੀ ੪੦)*

ਸੰਸਾਰ ਤਿਆਗਣ ਅਤੇ ਆਪਣੇ ਮੱਤ ਨੂੰ ਸਰਬ ਸ੍ਰੇਸ਼ਟ ਸਮਝਣ ਤੋਂ ਇਲਾਵਾ ਜੋਗੀਆਂ ਦੀ ਤੀਜੀ ਭੁੱਲ ਸੀ - ਤੰਤਰ-ਮੰਤਰ, ਕਰਾਮਾਤ ਤੇ ਰਿੱਧੀ-ਸਿੱਧੀ ਦੀ ਪ੍ਰਾਪਤੀ ਨੂੰ ਆਪਣਾ ਜੀਵਨ-ਮਨੋਰਥ ਸਮਝਣਾ। ਸਿੱਧੇ ਸਾਦੇ ਸ਼ਰਧਾਲੂਆਂ ਉੱਤੇ ਆਪਣੀਆਂ ਕਰਾਮਾਤੀ ਸ਼ਕਤੀਆਂ ਦੁਆਰਾ ਪ੍ਰਭਾਵ ਪਾ ਕੇ ਆਪਣੀ ਉੱਤਮਤਾ ਦਾ ਸਬੂਤ ਦੇਣਾ, ਉਨ੍ਹਾਂ ਦਾ ਨਿੱਤ ਕਰਮ ਸੀ ਅਤੇ ਇਸੇ ਤਰਾਂ ਦਾ ਵਿਹਾਰ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨਾਲ ਕੀਤਾ। ਇਨ੍ਹਾਂ ਅਗਿਆਨੀਆਂ ਨੇ ਸ਼ੇਰ ਬਘਿਆੜ ਤੇ ਪੰਛੀਆਂ ਦੇ ਰੂਪ ਵਟਾ ਕੇ, ਅਗਨਿ ਦੀ ਵਰਖਾ ਕਰ ਕੇ ਹਜ਼ੂਰ ਨੂੰ ਡਰਾਉਣਾ ਚਾਹਿਆ, ਪਰ ਆਪ ਨੇ ਬਾਣੀ ਸ਼ਬਦ ਦੁਆਰਾ ਉਨ੍ਹਾਂ ਦੇ ਕੁਹਜੇ ਯਤਨਾਂ ਨੂੰ ਨਿਸਫਲ ਕਰ ਦਿੱਤਾ। ਫਲਸਵਰੂਪ ਉਹਨਾਂ ਨੂੰ ਗੁਰਦੇਵ ਦੇ ਚਰਨਾਂ ਤੇ ਝੁਕਣਾ ਪਿਆ।

ਗੁਰਮਤਿ ਵਿੱਚ ਜੱਗ ਜਿੱਤਣ ਦਾ ਸੰਕਲਪ ਸੁਖਾਲਾ, ਉੱਤਮ ਤੇ ਵਿਲੱਖਣ ਹੈ। ਆਮ ਤੌਰ ਤੇ ਦੂਸਰੇ ਤੇ ਪ੍ਰਭਾਵ ਪਾਉਣ ਵਾਲਾ ਜੇਤੂ ਤੇ ਦੂਸਰੇ ਦਾ ਪ੍ਰਭਾਵ ਕਬੂਲਣ ਵਾਲਾ ਹਾਰਿਆ ਸਮਝਿਆ ਜਾਂਦਾ ਹੈ। ਗੁਰਮੁਖ ਸਦੈਵ ਹੀ ਜੱਗ ਦੀਆਂ ਵਾਸ਼ਨਾਵਾਂ, ਖਿੱਚਾਂ, ਮਾਇਆ ਤੋਂ ਅਤੇ ਚਾਰੇ ਅਗਨੀਆਂ ਤੋਂ ਨਿਰਲੇਪ ਰਹਿੰਦਾ ਹੈ। ਉਹ ਸੰਸਾਰ-ਸਾਗਰ ਦੀਆਂ ਛੱਲਾਂ, ਲਹਿਰਾਂ ਅਤੇ ਤੂਫ਼ਾਨ ਅੱਗੇ ਝੁੱਕਦਾ ਨਹੀਂ,

ਬਲਕਿ ਚਟਾਨ ਵਾਂਗ ਡਟ ਕੇ ਇਸ ਵੇਗ ਨੂੰ ਦੂਸਰੇ ਪਾਸੇ ਮੋੜਨ ਦੀ ਸਮਰੱਥਾ ਰੱਖਦਾ ਹੈ। ਜੇ ਜੱਗ ਮੇਲਾ ਹੈ ਤਾਂ ਉਹ 'ਅੰਜਨ ਮਾਹਿ ਨਿਰੰਜਨਿ ਰਹੀਐ' ਦੀ ਜੁਗਤੀ ਨੂੰ ਆਪਣੇ ਜੀਵਨ ਵਿੱਚ ਢਾਲਦਾ ਹੈ। ਭਗਤ ਕਬੀਰ ਜੀ ਐਸੇ ਅਪਰਸ ਜਨਾਂ ਤੋਂ ਸਦਕੇ‘‘ਜਾਂਦੇ ਹਨ -

*ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ॥*
*ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ॥੨੬॥*
*ਅੰਗ - ੧੩੬੫*

ਵਿਸ਼ਾਲ ਗੁਰ-ਸਾਗਰ ਰੂਪ ਗੁਰਬਾਣੀ ਜੱਗ ਜਿੱਤਣ ਦੀਆਂ ਜੁਗਤੀਆਂ ਨਾਲ ਭਰਪੂਰ ਹੈ। ਨਿੱਜ ਰੂਪ ਦਾ ਸੁਧਾਰ ਅਤੇ ਆਤਮ-ਸਮਰਪਣ, ਜੱਗ ਨੂੰ ਆਪਣੇ ਪਿਛੇ ਲਾ ਲੈਂਦਾ ਹੈ। ਸੱਚੇ ਮਾਰਗ ਤੇ ਚੱਲਣ ਵਾਲੇ ਦੀ, ਸਾਰਾ ਜਹਾਨ ਉਸਤਤਿ ਕਰਦਾ ਹੈ। ਇਹ ਸੰਸਾਰ ਏਨਾ ਅਕ੍ਰਿਤਘਣ ਨਹੀਂ ਕਿ ਚੰਗੇ ਪੁਰਸ਼ ਦੀਆਂ ਚੰਗਿਆਈਆਂ ਦੇ ਗੁਣਾਂ ਨੂੰ ਵਿਸਾਰ ਦੇਵੇ। ਇਸ ਪ੍ਰਤੀ ਪਾਵਨ ਹੁਕਮ ਹੈ -

*ਆਪ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥*
*ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥੯੫॥* *ਅੰਗ - ੧੩੮੨*

ਧ੍ਰੂਅ ਭਗਤ ਨੇ ਛੋਟੀ ਆਯੂ ਵਿਚ ਹੀ ਨਾਰਦ ਮੁਨੀ ਦੇ ਉਪਦੇਸ਼ ਦੁਆਰਾ ਨਾਮ ਨਿਧਾਨੁ ਅਮਿਓ ਰਸੁ ਅਤੇ ਪਿਉ ਦੇ ਅੱਧਾ ਰਾਜ ਦੇਣ ਦੇ ਸੁਝਾਉ ਨੂੰ ਸਵੀਕਾਰ ਨਹੀਂ ਕੀਤਾ। ਬਾਲ ਭਗਤ ਦੀ ਪ੍ਰਾਪਤੀ ਬਾਰੇ ਭਾਈ ਗੁਰਦਾਸ ਜੀ ਦਾ ਕਥਨ ਹੈ -

*ਹਾਰਿ ਚਲੇ ਗੁਰਮੁਖਿ ਜਗਜੀਤਾ॥*
*(ਵਾਰ ੧੦, ਪਉੜੀ ੧)*

ਪਰ ਇਸ ਹਾਰ ਦਾ ਅਰਥ ਸੰਸਾਰ ਤੋਂ ਸ਼ਕੱਸਤ ਖਾਣ ਦਾ ਨਹੀਂ, ਬਲਕਿ ਤਿਆਗ, ਨਿਮਰਤਾ ਅਤੇ ਆਤਮ-ਸਮਰਪਣ ਹੈ, ਜਿਸ ਦੀ ਪ੍ਰੋੜਤਾ ਹੇਠ ਲਿਖੇ ਗੁਰ-ਫ਼ੁਰਮਾਨ ਦੁਆਰਾ ਹੁੰਦੀ ਹੈ -

*ਅਬ ਹਮ ਚਲੀ ਠਾਕੁਰ ਪਹਿ ਹਾਰਿ॥*
*ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥*
*ਅੰਗ - ੫੨੭-੨੮*

ਭਗਤ ਕਬੀਰ ਜੀ ਦੇ ਬਚਨਾਂ ਅਨੁਸਾਰ ਨਿਮਰਤਾ ਇਕ ਐਸਾ ਭਰੋਸੇਯੋਗ, ਹਥਿਆਰ ਹੈ, ਜਿਸ ਦੇ ਵਰਤਣ ਵਾਲਾ ਪੁਰਸ਼ ਜ਼ਾਹਰਾ ਤੌਰ ਤੇ ਡੁਬਦਾ ਪ੍ਰਤੀਤ ਹੁੰਦਾ ਹੈ, ਪਰ ਵਾਸਤਵ ਵਿਚ ਉਹ ਇਸ ਭਵਜਲ-ਸੰਸਾਰ ਨੂੰ ਤਰ ਕੇ ਪਾਰ ਹੋ ਜਾਂਦਾ ਹੈ -

*ਜੀਤੋ ਬੂਡੈ ਹਾਰੋ ਤਿਰੈ॥*
*ਗੁਰ ਪਰਸਾਦੀ ਪਾਰਿ ਉਤਰੈ॥੩॥੧੪॥*
*ਅੰਗ - ੧੧੬੧*

ਦ੍ਰਿਸ਼ਟਮਾਨ-ਸੰਸਾਰ ਸੁੱਖਾਂ ਦੀ ਸੇਜ ਨਹੀਂ, ਉਹ ਇਕ ਮਹਾਨ ਜੁੱਧ ਦਾ ਖੇਤਰ ਹੈ, ਦੇਵੀ ਤੇ ਦਾਨਵੀ ਸ਼ਕਤੀਆਂ ਦੇ ਸੰਗਰਾਮ ਦਾ ਅਖਾੜਾ ਹੈ। ਸੰਸਾਰ ਦੇ ਚਿੱਕੜ ਰੂਪੀ ਮੋਹ ਤੋਂ ਨਿਰਮੋਹ ਹੋ ਕੇ ਹੀ ਜਿਤ ਦਾ ਮੂੰਹ ਦੇਖਿਆ ਜਾ ਸਕਦਾ ਹੈ। ਵਾਰ ਰੋਕਣ ਲਈ ਨਿਮਰਤਾ ਸੰਜੋਅ ਹੈ। ਸਤਿਗੁਰੂ ਜੀ ਦਾ ਇਹ ਅੰਮ੍ਰਿਤ-ਮਈ ਉਪਦੇਸ਼ ਸਾਧਕਾਂ ਤੇ ਪਾਂਧੀਆਂ ਨੂੰ ਸਫਲਤਾ ਬਖ਼ਸ਼ਣ ਲਈ ਕਿੰਨਾ ਉਤਸ਼ਾਹਤ ਕਰਦਾ ਹੈ -

*ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ॥*
*ਪ੍ਰਣਵਤਿ ਨਾਨਕ ਦਾਸਨਿ ਦਾਸਾ ਜਗਿ ਹਾਰਿਆ ਤਿਨਿ ਜੀਤਾ॥੪॥੯॥* *ਅੰਗ - ੧੩੩੦*

ਭਾਵੇਂ ਉਹ ਘੜੀ ਸੁਲੱਖਣੀ ਹੈ, ਜਦ ਸੁਰਤੀ ਪਰਮਾਤਮਾ ਦੇ ਚਰਨਾਂ ਨਾਲ ਜੁੜੇ, ਪਰ ਅੰਮ੍ਰਿਤ ਵੇਲੇ ਦੇ ਸਿਮਰਨ ਦੀ ਮਹਿਮਾ ਤੇ ਕਦਰ ਜਿੰਨੀ ਗੁਰਮਤਿ ਨੇ ਵਰਨਣ ਕੀਤੀ ਹੈ, ਹੋਰ ਕਿਸੇ ਨੇ ਨਹੀਂ। ਜਟਾਧਾਰੀਆਂ ਤੇ ਨਾਂਗੇ ਸਾਧੂਆਂ ਦੀ ਜੀਵਨ-ਜੁਗਤੀ ਗੁਰਮਤਿ ਨਾਲ ਬਿਲਕੁਲ ਮੇਲ ਨਹੀਂ ਖਾਂਦੀ। ਉਨ੍ਹਾਂ ਦੁਆਰਾ ਪਿੰਡੇ ਉੱਤੇ ਲੇਪਨ ਤੇ ਗੁਫਾ ਵਿਚ ਵਾਸ ਨੂੰ ਪ੍ਰਭੂ-ਪ੍ਰਾਪਤੀ ਦਾ ਮਾਰਗ ਅਪਣਾਉਣ ਦਾ ਰਹੱਸ, ਸਮਝ ਤੋਂ ਬਾਹਰ ਹੈ -

*ਜਟਾ ਭਸਮ ਲੇਪਨ ਕੀਆ ਕਹਾ ਗੁਫਾ ਮਹਿ ਬਾਸੁ॥*
*ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ॥੨॥੨॥* *ਅੰਗ - ੧੧੦੩*

ਨਾ ਤਾਂ ਅਧਿਆਤਮਕਤਾ ਦਾ ਤੱਤ ਨਜ਼ਰ ਆਉਂਦਾ ਹੈ, ਨਾ ਹੀ ਸਰੀਰ ਨੂੰ ਸੁੰਦਰ ਤੇ ਅਰੋਗ ਰੱਖਣ ਦਾ ਉਪਰਾਲਾ ਕੁਰਾਹੇ ਪਈਆਂ ਸ਼੍ਰੇਣੀਆਂ ਦੀਆਂ ਸਭ ਜੁਗਤੀਆਂ, ਭੱਟਾਂ ਨੇ ਗਹੁ ਨਾਲ ਵਿਚਾਰੀਆਂ ’ਤੇ ਇਹ ਤੱਤ ਕੱਢਿਆ ਕਿ‘‘ਗ਼ਲਤ ਢੰਗ ਨਾਲ ਕੀਤਾ ਕਰਮ ਅੰਤ ਨੂੰ ਵੇਰਾਸ ਹੋ ਕੇ ਰਹਿੰਦਾ ਹੈ। ਉਨ੍ਹਾਂ ਨੇ ਪਹਿਲੇ ਪੰਜ ਗੁਰੂ ਵਿਅਕਤੀਆਂ ਦੀ ਉਸਤਤਿ ਕਰ ਕੇ ਨਾ-ਕੇਵਲ ਗੁੱਝੀਆਂ ਰਮਜ਼ਾਂ, ਅਨੁਭਵਾਂ, ਤੇ ਦੈਵੀ ਗੁਣਾਂ ਦੀ ਵਰਖਾ ਕੀਤੀ ਹੈ, ਬਲਕਿ ਆਪਣੀ ਆਤਮਕ ਭੁੱਖ ਤੇ ਉਸ ਦੀ ਤ੍ਰਿਪਤੀ ਦਾ ਵੀ ਜ਼ਿਕਰ ਕੀਤਾ ਹੈ। ਗੁਰਮਤਿ ਵਿਚ ਜੱਗ ਜਿੱਤਣ ਦੀ ਸਫਲ ਅਮਲੀ ਜੁਗਤੀ ਨੂੰ ਇਸ ਤਰ੍ਹਾਂ ਬਿਆਨਿਆ ਹੈ -

*ਜਗੁ ਜਿਤਉ ਸਤਿਗੁਰ ਪ੍ਰਮਾਣਿ ਮਨਿ ਏਕੁ ਧਿਆਯਉ॥*
*ਧਨਿ ਧਨਿ ਸਤਿਗੁਰ ਅਮਰਦਾਸੁ ਜਿਨਿ ਨਾਮੁ ਦ੍ਰਿੜਾਯਉ॥੭॥* *ਅੰਗ - ੧੩੯੭*

ਇਹ ਸੰਸਾਰ ਦੀ ਜਿੱਤ 'ਨਾਮ' ਦੀ ਬਰਕਤ ਵਿਚ

ਹੈ। ਮਨਮੁਖ, ਨਾਸਤਕ, ਮਾਇਆਧਾਰੀ, ਇਹ ਸਾਰੇ ਪ੍ਰਭੂ ਉਸਤਤੀ, ਬਿਬੇਕ ਬੁੱਧੀ ਤੇ ਗੁਰ-ਸ਼ਬਦ ਵੀਚਾਰ ਤੋਂ ਕੋਹਾਂ ਦੂਰ ਰਹਿੰਦੇ ਹਨ। ਆਪਣੇ ਕਰਮਾਂ ਅਨੁਸਾਰ, ਇਨ੍ਹਾਂ ਦੇ ਮੱਥੇ ਤੇ ਝੂਠ ਤੇ ਹੰਕਾਰ ਦੀਆਂ ਨਰਦਾਂ ਨਾਲ ਹਉਮੈ ਦੀ ਖੇਡ ਵਿਚ ਜੁਆਰੀਏ ਵਾਂਗਰ ਖੁਆਰ ਹੋਣਾ ਲਿਖਿਆ ਹੈ-

*ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ॥*
*ਸਭੁ ਜਗੁ ਹਾਰੈ ਸੋ ਜਿਣੈ ਗੁਰ ਸਬਦੁ ਵੀਚਾਰਾ॥੫॥*
*ਅੰਗ - ੪੨੨*

ਸਾਰਾਂਸ਼, ਗੁਰੂ ਨਾਨਕ ਦੇਵ ਜੀ ਦੀ ਸਾਰੀ ਵਿਚਾਰਧਾਰਾ ਦਾ ਕੇਂਦਰੀ ਬਿੰਦੂ ਜਾਂ ਧੁਰਾ, ਕੇਵਲ ਨਾਮ ਹੈ, ਜਿਸ ਤੋਂ ਹਰ ਪ੍ਰਕਾਰ ਦੀ ਸ਼ਕਤੀ ਉਤਪੰਨ ਹੁੰਦੀ ਹੈ। ਨਾਮ-ਸਿਮਰਨ ਦੀ ਓਟ ਲੈਣ ਵਾਲਾ ਗਿਆਨੀ ਜਾਂ ਗੁਰਮੁਖ ਹੈ, ਬਾਕੀ ਸਾਰਾ ਜਗਤ ਤ੍ਰਿਗੁਣੀ ਮਾਇਆ ਦਾ ਪਸਾਰਾ ਹੈ। ਐਸੇ ਜਗਤ ਵਿਚ ਗਿਆਨੀ ਤੋਂ ਸਾਧਾਰਨ ਜੀਵ ਦੀ ਤੁਲਨਾ ਹਜ਼ੂਰ ਦੇ ਮੁਖਵਾਕ ਤੋਂ ਸਪੱਸ਼ਟ ਦਿਖਾਈ ਦਿੰਦੀ ਹੈ -

*ਨਾਨਕ ਗਿਆਨੀ ਜਗੁ ਜੀਤਾ, ਜਗਿ ਜੀਤਾ ਸਭੁ ਕੋਇ॥*
*ਨਾਮੇ ਕਾਰਜ ਸਿਧਿ ਹੈ ਸਹਜੇ ਹੋਇ ਸੁ ਹੋਇ॥੧॥੨॥*
*ਅੰਗ - ੫੪੮*

ਅਰਥਾਤ, ਗਿਆਨੀ ਨੇ ਜਿਸ ਜਗ ਨੂੰ ਜਿੱਤਿਆ ਹੈ, ਉਸ (ਜੱਗ) ਨੇ ਬਾਕੀ ਸਭ ਨੂੰ ਜਿੱਤਿਆ ਹੈ।

ਨਾਮ ਦੁਆਰਾ ਕਾਰਜ ਸਿੱਧ ਹੋਣਾ ਇਕ ਅਟੱਲ ਸਚਾਈ ਹੈ, ਜਿਸ ਦੀ ਪ੍ਰੋੜਤਾ ਵਿਚ ਸਿੱਖ ਇਤਿਹਾਸ ਦਾ ਪੰਨਾ ਪੰਨਾ ਗਵਾਹੀ ਦਿੰਦਾ ਹੈ। ਮਨ ਦਾ ਸੰਬੰਧ ਮਨ ਨਾਲ ਤੇ ਸਰੀਰ ਦਾ ਸੰਬੰਧ ਸਰੀਰ ਨਾਲ ਹੈ। ਸਰੀਰਕ ਸ਼ਕਤੀ ਦੁਆਰਾ ਦੂਸਰੇ ਸਰੀਰ ਤੇ ਰਾਜ ਕੀਤਾ ਜਾ ਸਕਦਾ ਹੈ, ਪਰ ਮਨ ਤੇ ਨਹੀਂ; ਜਦ ਕਿ ਨਾਮ ਦੁਆਰਾ ਬਲਵਾਨ ਹੋਇਆ ਮਨ, ਦੂਸਰੇ ਮਨ ਨੂੰ ਪ੍ਰੇਰਤ ਕਰਕੇ ਸੱਚੀ ਸੁੱਚੀ ਬੇਗਰਜ਼ ਅਣਦਿਸਦੀ ਹਕੂਮਤ ਕਰਦਾ ਹੈ। ਬਾਦਸ਼ਾਹੀ ਜਦ ਆਪਣੀ ਰਾਜਸੀ ਸ਼ਕਤੀ ਵਰਤ ਕੇ ਵਧੀਕੀਆਂ ਤੇ ਉਤਰਦੀ ਹੈ ਤਾਂ ਮਜ਼ਲੂਮ ਦਾ ਤਨ ਭਾਵੇਂ ਮਜਬੂਰ ਹੋਵੇ, ਪਰ ਮਨ ਵਿਚ ਬਗਾਵਤ ਜਾਂ ਬਦਲੇ ਦੀ ਭਾਵਨਾਂ ਦਾ ਬੀਜ ਫੁੱਟ ਪੈਂਦਾ ਹੈ।

ਗੁਰੂ ਤੇਗ ਬਹਾਦਰ ਸਾਹਿਬ ਪਾਤਸ਼ਾਹ, ਤੇ ਔਰੰਗਜ਼ੇਬ ਬਾਦਸ਼ਾਹ ਹੈ। ਇਕ ਦਰਵੇਸ਼ ਹੈ, ਜਿਸ ਨੇ ਭੋਰੇ ਵਿਚ ਮਨ ਦੀ ਸਾਧਨਾ ਕੀਤੀ, ਦੂਸਰਾ ਆਲਮਗੀਰ ਰਾਜਾ ਹੈ, ਜਿਸ ਨੇ ਬਾਹੂ-ਬਲ ਨਾਲ ਹਕੂਮਤ ਸੰਭਾਲੀ। ਇਕ ਦਾ ਰਾਜ ਮਨਾਂ ਤੇ, ਜਿਹੜੇ ਸਰੀਰ ਨੂੰ ਠੀਕਰ ਸਮਝ ਕੇ ਪਰਵਾਨੇ ਵਾਂਗ ਸ਼ਹਾਦਤ ਪਾਉਂਦੇ ਵੀ ਅਡੋਲ ਹਨ, ਦੂਸਰੇ ਦਾ ਰਾਜ ਤਨਾਂ ਤੇ, ਜਿਸ ਨੇ ਜ਼ੋਰ ਨਾਲ ਨਿਵਾਏ ਹਨ ਜਾਂ ਰੁਪਏ ਨਾਲ ਖ਼ਰੀਦੇ ਹਨ। ਅਦੁੱਤੀ ਸਾਕਾ ਵਰਤ ਗਿਆ, ਜਿਸ ਦਾ ਸਿੱਟਾ ਇਹ ਨਿਕਲਿਆ, ਗੁਰਦੇਵ ਜੀ ਦੇ ਪਾਵਨ ਫੁਰਮਾਨ ਤੇ ਬੇਅੰਤ ਸ਼ਰਧਾਲੂ, ਆਪਣਾ ਤਨ, ਮਨ, ਧਨ ਕੁਰਬਾਨ ਕਰ ਕੇ ਆਪਣੇ ਆਪ ਨੂੰ ਵਡਭਾਗੇ ਸਮਝਦੇ ਆਏ ਹਨ, ਜਦ ਕਿ ਔਰੰਗਜ਼ੇਬ ਦੀ ਕਬਰ ਤੇ ਚਿਰਾਗ ਰੌਸ਼ਨ ਕਰਨ ਵਾਲਾ ਵੀ ਕਈ ਲੋੜਾਂ ਦਾ ਮੁਹਤਾਜ ਹੈ।

ਤਾਂ ਤੇ ਅੰਮ੍ਰਿਤ ਨਾਮ 'ਗੁਰ-ਸਬਦੁ' ਦੁਆਰਾ ਮਨ ਦਾ ਜਿੱਤਣਾ ਪ੍ਰਾਥਮਕ ਕਦਮ ਹੈ, ਪਰ ਆਮ ਤੌਰ ਤੇ ਸਾਡੀਆਂ ਸਹਸ ਸਿਆਣਪਾਂ ਤੇ ਚਤਰਾਈਆਂ, ਦਹਦਿਸਿ ਧਾਵਦੇ ਮਨ ਦੀ ਚੰਚਲਤਾ, ਭਟਕਣਾ ਤੇ ਕਠੋਰਤਾ ਨੂੰ ਵੱਸ ਕਰਨ ਵਿਚ ਅਸਫਲ ਰਹਿੰਦੀਆਂ ਹਨ। ਐਸੀ ਔਕੜ ਵੱਲ ਜਦ ਕੋਈ ਔਖਧੀ ਰਾਸ ਨਹੀਂ ਆਉਂਦੀ, ਗੁਰਦੇਵ ਜੀ ਦਾ ਫੁਰਮਾਨ ਵਡਮੁੱਲੀ ਜੁਗਤੀ ਪਰਦਾਨ ਕਰਦਾ ਹੈ -

*ਲਬੁ ਲੋਭ ਲਹਰਿ ਨਿਵਾਰਣੰ ਹਰਿ ਨਾਮੁ ਰਾਸਿ ਮਨੰ॥*
*ਮਨੁ ਮਾਰਿ ਤੁਹੀ ਨਿਰੰਜਨਾ ਕਹੁ ਨਾਨਕਾ ਸਰਨੰ॥੮॥੧॥੫॥*
*ਅੰਗ - ੫੦੫*

ਅਰਥਾਤ, ਆਪਾ ਤਿਆਗ ਕੇ ਗੁਰਦੇਵ ਅੱਗੇ ਨਿਸਚੇ ਭਰੀ ਐਸੀ, ਅਰਦਾਸ ਕਰਨੀ ਹੈ, ਸੱਚੇ ਨਾਮ ਦੀ ਪੂੰਜੀ ਲੋਭ ਲਹਿਰ ਤੋਂ ਅਨਿਕ ਦੋਸ਼ਾਂ ਨੂੰ ਦੂਰ ਕਰਦੀ ਹੈ, ਹੇ ਦਾਤਾਰ ਪਿਤਾ! ਮੈਂ ਆਪਣੇ ਬਾਹੂ ਬਲ ਨਾਲ ਮਨ ਮਾਰਨ ਵਿਚ ਅਸਮਰਥ ਹਾਂ, ਸਾਰੇ ਦੁਆਰੇ ਛੱਡ ਕੇ ਤੁਹਾਡੀ ਸਰਣਿ ਆਇਆ ਹਾਂ, ਤੁਸੀਂ ਆਪ ਹੀ ਮੇਰੇ ਚੰਚਲ ਮਨ ਨੂੰ ਵਸੀਕਾਰ ਕਰੋ। ਇਹ ਸਤਿਗੁਰੂ ਦਾ ਪਾਵਨ ਬਿਰਦ ਹੈ ਕਿ ਉਹ ਪ੍ਰੇਮ ਵਿੰਨ੍ਹੇ-ਹਿਰਦੇ ਵਿਚੋਂ ਨਿਕਲੀ ਹੂਕ ਨੂੰ ਸੁਣ ਕੇ ਅਵੱਸ਼ ਹੀ ਰਹਿਮਤ ਦੇ ਘਰਿ ਆਉਂਦਾ ਹੈ।

*ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ॥੮॥ ਅੰਗ - ੧੦੮੬*

ਉਪਰ ਲਿਖੇ ਫ਼ੁਰਮਾਨ ਵਿਚ ਕਿੰਨੀ ਸਪੱਸ਼ਟਤਾ ਹੈ ਕਿ ਹਰ ਹੀਲੇ ਦਾ ਆਖ਼ਰੀ ਪੜਾਅ ਸਤਿਗੁਰੂ ਦੀ ਰਹਿਮਤ ਹੈ। ਇਸ ਨਦਰਿ ਕਰਮਿ ਦੁਆਰਾ - (੧) ਮੋਹ ਦੀ ਫਾਹੀ ਕੱਟੀ ਜਾਣੀ, (੨) ਆਵਾਗਉਣ ਦੀ ਚੁਰਾਸੀ ਤੋਂ ਮੁਕਤੀ, (੩) ਮਨ ਦੀ ਜਿੱਤ ਤੇ ਜੀਵਨ ਦੇ ਹਰੇਕ ਖੇਤਰ ਵਿਚ ਫਤਹਿ, (੪) ਨਿਹਚਲ ਆਸਣ ਦੀ ਬਖ਼ਸ਼ਸ਼, ਤੇ (੫) ਹਰ ਕਿਸਮ ਦੀ ਭਟਕਣ ਤੋਂ ਛੁਟਕਾਰਾ, ਆਦਿ ਦੀਆਂ ਪ੍ਰਾਪਤੀਆਂ ਸਹਜੇ ਹੀ ਹੁੰਦੀਆਂ ਹਨ। ਇਨ੍ਹਾਂ ਦਾ ਮੂਲ ਆਧਾਰ ਹਜ਼ੂਰ ਦਾ ਇਹ ਮੁਖਵਾਕ ਹੈ -

*ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ॥*
*ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ॥੧॥੩੮॥ ਅੰਗ - ੨੫੮*

# ਆਨਮਤੀ ਕਰਮ ਤੇ ਤੀਰਥ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

*ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ॥*
*ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ॥*
*ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ॥ ਮੁੰਧੇ ਗੁਣ ਦਾਸੀ ਸੁਖੁ ਹੋਇ॥*
*ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥*
*ਅੰਗ - ੫੬*

ਏਸ ਗੁਰਵਾਕ ਦੁਆਰਾ ਗੁਰੂ ਸਾਹਿਬ ਇਹ ਦ੍ਰਿੜਾਉਂਦੇ ਹਨ ਕਿ ਜਪ ਤਪ ਸੰਜਮ ਆਦਿਕ ਆਨਮਤੀ ਕਰਮ ਭਾਵੇਂ ਕਿਤਨਾ ਹੀ ਸੋਧੇ ਕਮਾਏ ਜਾਣ ਤੇ ਆਨਮਤੀ ਤੀਰਥਾਂ ਉਤੇ ਭਾਵੇਂ ਕਿਤਨਾ ਹੀ ਢੇਰ-ਚਿਰੇ (ਸਾਰੀ ਉਮਰ) ਹੀ ਵਾਸਾ ਕੀਤਾ ਜਾਵੇ, ਕਿਸੇ ਭੀ ਲੇਖੇ ਨਹੀਂ ਹੈ। ਆਨਮਤਾਂ ਦੀਆਂ ਦੱਸੀਆਂ ਹੋਈਆਂ ਪੁੰਨ ਦਾਨ ਚੰਗਿਆਈਆਂ ਭਾਵੇਂ ਕਿਤਨੀਆਂ ਹੀ ਕੀਤੀਆਂ ਜਾਣ,ਲੋਕਾ-ਚਾਰਕ ਚੰਗਿਆਈਆਂ ਹੀ ਹਨ, ਗੁਰਮਤਿ ਅਨੁਸਾਰ ਏਹਨਾਂ ਆਨਮਤ ਲੋਕਾਚਾਰਕ, ਵੇਦਾਚਾਰਕ ਕੰਮਾਂ ਦਾ ਕੱਖ ਭੀ ਸੁਬੇਹਤਾ ਨਹੀਂ। ਬਿਨਾਂ ਸੱਚੇ ਵਾਹਿਗੁਰੂ ਅਤੇ ਵਾਹਿਗੁਰੂ ਸੱਚੇ ਨਾਮ ਤੋਂ ਇਹ ਬਾਦ ਬੇਕਾਰੀ ਕਰਮ ਹੀ ਹਨ। ਆਨਮਤ ਅਨੁਸਾਰ ਜਿਤਨੇ ਭੀ ਪਾਖੰਡ ਕਰਮ ਹਨ, ਉਹਨਾਂ ਦਾ ਨਾਉਂ ਐਵੇ ਹੀ ਜਪ ਤਪ ਸੰਜਮ ਆਦਿਕ ਕਰਮ ਆਨਮਤੀਆਂ ਨੇ ਆਪਣੇ ਦਿਲ ਪਰਚਾਵੇ ਲਈ ਰੱਖ ਲਇਆ ਹੋਇਆ ਹੈ। ਵਾਸਤਵ ਵਿਚ ਤਿਨ੍ਹਾਂ ਪਾਖੰਡ-ਕਰਮਾਂ ਅੰਦਰਿ ਸਚੇ ਜਪ, ਸਚੇ ਸੰਜਮ ਦੀ ਬੂ ਮਾਤਰ ਭੀ ਨਹੀਂ। ਗੁਰਬਾਣੀ ਅੰਦਰ ਜਿੱਥੇ ਭੀ ਜਪ ਆਦਿ ਦਾ ਖੰਡਨ ਕੀਤਾ ਹੈ, ਉਹ ਸਭ ਆਨਮਤ ਜਪ ਤਪ ਕਰਮ ਦਾ ਹੀ ਹੈ। ਗੁਰਮਤਿ ਅਨੁਸਾਰ ਕੀਤਾ ਹੋਇਆ ਜਪੁ ਜਪੁ ਕਰਮ ਕੇਵਲ ਨਾਮ ਦੀ ਸਾਧਨਾ, ਨਾਮਅਭਿਆਸ ਕਮਾਈ ਹੀ ਹੈ, ਜੋ ਸਦਾ ਸ੍ਰੇਸ਼ਟ ਅਤੇ ਸਾਰ-ਕਰਮ ਹੀ ਗੁਰਮਤਿ ਅੰਦਰ ਗਰਦਾਨਿਆ ਜਾਂਦਾ ਹੈ। ਏਸੇ ਪ੍ਰਕਾਰ ਆਨਮਤ ਦੇ ਤੀਰਥਾਂ ਉੱਤੇ ਵਾਸਾ ਕਰਨਾ ਭੀ ਨਿਰਾ ਨਿਰਾਰਥਕ ਕਰਮ ਹੀ ਹੈ ਕਿਉਂਕਿ ਆਨਮਤ ਤੀਰਥਾਂ ਉਤੇ ਕੇਵਲ ਪਾਖੰਡ ਕਿਰਿਆ ਦਾ ਵਿਥਾਰ ਹੀ ਵਿਥਾਰਿਆ ਹੋਇਆ ਹੁੰਦਾ ਹੈ, ਸੱਚੇ ਅੰਮ੍ਰਿਤ ਰੂਪੀ ਨਾਮ ਦੇ ਸੰਚਾਰ ਦਾ ਤਿਨ੍ਹਾਂ ਆਨਮਤੀ ਤੀਰਥ-ਅਸਥਾਨਾਂ ਉਤੇ ਰੰਚਕ ਮਾਤਰ ਭੀ ਮੁਸ਼ਕ ਨਹੀਂ ਹੁੰਦਾ।

*ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥*
*ਤੀਰਥੁ ਸਬਦੁ ਬੀਚਾਰੁ ਅੰਤਰਿ ਗਿਆਨੁ ਹੈ॥੧॥*
*ਅੰਗ - ੬੮੭*

ਗੁਰਵਾਕ ਦੇ ਭਾਵ ਅਨੁਸਾਰ ਗੁਰਮਤਿ ਨਾਮ ਰੂਪੀ ਵਰਤਾਰਾ, ਸੰਚਾਰਾ ਜਿਥੇ ਵਰਤਦਾ ਹੈ, ਉਹੀ ਸਚਾ ਅੰਮ੍ਰਿਤ ਮਈ ਤੀਰਥ ਹੈ। ਗੁਰਮਤਿ ਨਾਮ ਅੰਮ੍ਰਿਤ ਸਰੂਪ ਹੈ। ਤਾਹੀਂ ਤੇ ਅੰਮ੍ਰਿਤ ਬਾਣੀ ਅਤੇ ਅੰਮ੍ਰਿਤ ਨਾਮ ਦੇ ਸੰਚਣ ਦੀ ਬੁਹਾਰ ਸ਼ਗੁਫ਼ਤਾਰ ਹੋਣ ਕਰਕੇ ਸ੍ਰੀ ਅੰਮ੍ਰਿਤ ਸਰੋਵਰ ਸੱਚਾ ਅੰਮ੍ਰਿਤਸਰ ਤੀਰਥ, ਭਾਵ ਅੰਮ੍ਰਿਤ ਮਈ ਤੀਰਥ ਹੈ। ਤਾਂ ਤੇ ਆਨਮਤੀ ਤੀਰਥਾਂ ਨਾਲੋਂ ਇਸ ਗੁਰਮਤਿ ਤੀਰਥ ਦੀ ਮਹਾਨ ਵਿਲੱਖਣਤਾ ਹੈ। ਗੁਰਮਤਿ ਤੀਰਥ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨਾ ਪੂਰਨ ਤਤ ਗੁਰਮਤਿ ਅਨੁਸਾਰ ਹੈ। ਜਿਥੇ ਜਿਥੇ ਭੀ ਆਨਮਤੀ ਤੀਰਥਾਂ ਦਾ ਖੰਡਨ ਹੈ, ਤਿਥੇ ਤਿਥੇ ਤਿਨ੍ਹਾਂ ਪ੍ਰਥਾਏ ਹੇਠ ਲਿਖੇ ਗੁਰਵਾਕ ਪੂਰੇ ਤੌਰ ਤੇ ਵਿਦਮਾਨ ਹਨ -

*ਤੀਰਥ ਵਰਤ ਸੁਚਿ ਸੰਜਮੁ ਨਾਹੀ*
*ਕਰਮੁ ਧਰਮੁ ਨਹੀ ਪੂਜਾ॥*
*ਨਾਨਕ ਭਾਇ ਭਗਤਿ ਨਿਸਤਾਰਾ*
*ਦੁਬਿਧਾ ਵਿਆਪੈ ਦੂਜਾ॥੨॥੨॥ ਅੰਗ - ੭੫*

*ਤੀਰਥੁ ਦੇਖਿ ਨ ਜਲ ਮਹਿ ਪੈਸਉ*
*ਜੀਅ ਜੰਤ ਨ ਸੁਤਾਵਉਗੋ॥*
*ਅਠਸਠਿ ਤੀਰਥ ਗੁਰੂ ਦਿਖਾਏ*
*ਘਟ ਹੀ ਭੀਤਰਿ ਨਾਉਗੋ॥੩॥੨॥ ਅੰਗ - ੯੭੩*

*ਤੀਰਥ ਨਾਇ ਨ ਉਤਰਸਿ ਮੈਲੁ॥*
*ਕਰਮ ਧਰਮ ਸਭਿ ਹਉਮੈ ਫੈਲੁ॥*
*ਲੋਕ ਪਚਾਰੈ ਗਤਿ ਨਹੀ ਹੋਇ॥*
*ਨਾਮ ਬਿਹੂਣੇ ਚਲਸਹਿ ਰੋਇ॥੨॥੨੪॥ ਅੰਗ - ੮੯੦*

*ਤੀਰਥਿ ਭਰਮਸਿ ਬਿਆਧਿ ਨ ਜਾਵੈ॥*

*ਨਾਮ ਬਿਨਾ ਕੈਸੇ ਸੁਖੁ ਪਾਵੈ॥੪॥੬॥ ਅੰਗ - ੯੦੬*

*ਤੀਰਥ ਵਰਤ ਨੇਮ ਕਰਹਿ ਉਦਿਆਨਾ।*
*ਜਤੁ ਸਤੁ ਸੰਜਮੁ ਕਥਹਿ ਗਿਆਨਾ॥*
*ਰਾਮ ਨਾਮ ਬਿਨੁ ਕਿਉ ਸੁਖੁ ਪਾਈਐ,*
*ਬਿਨੁ ਸਤਿਗੁਰ ਭਰਮੁ ਨ ਜਾਇਆ॥੧੩॥੨੨॥*
*ਅੰਗ - ੧੦੪੩*

*ਤੀਰਥਿ ਭਰਮੈ ਰੋਗੁ ਨ ਛੂਟਸਿ*
*ਪੜਿਆ ਬਾਦੁ ਬਿਬਾਦੁ ਭਇਆ॥*
*ਦੁਬਿਧਾਂ ਰੋਗੁ ਸੁ ਅਧਿਕ ਵਡੇਰਾ*
*ਮਾਇਆ ਕਾ ਮੁਹਤਾਜੁ ਭਇਆ॥*
*ਗੁਰਮੁਖਿ ਸਾਚਾ ਸਬਦਿ ਸਲਾਹੈ*
*ਮਨਿ ਸਾਚਾ ਤਿਸੁ ਰੋਗੁ ਗਇਆ॥੯॥*
*ਅੰਗ - ੧੧੫੩*

*ਜਿਸੁ ਜੀਉ ਅੰਤਰੁ ਮੈਲਾ ਹੋਇ।*
*ਤੀਰਥ ਭਵੈ ਦਿਸੰਤਰ ਲੋਇ॥*
*ਨਾਨਕ ਮਿਲੀਐ ਸਤਿਗੁਰ ਸੰਗ॥*
*ਤਉ ਭਵਜਲ ਕੇ ਤੂਟਸਿ ਬੰਧ॥੫॥੪॥ ਅੰਗ - ੧੧੬੯*

*(ਗੁਰਮਤਿ ਗੌਰਵਤਾ ਵਿਚੋਂ)*

---

### *(ਪੰਨਾ 16 ਦੀ ਬਾਕੀ)*

ਤ੍ਰਿਸ਼ਨਾ-ਅਗਨੀ ਸ਼ਾਂਤ ਨਹੀਂ ਹੁੰਦੀ, ਸਗੋਂ ਵਧੇਰੇ ਭੜਕਦੀ ਹੈ। ਛਿਨ ਭੰਗਰ ਮਾਇਕੀ ਪਦਾਰਥਾਂ ਦੀ ਪ੍ਰੀਤ ਵਿਚੋਂ ਅੰਤ ਨੂੰ ਨਿਰਾਸਤਾ ਅਤੇ ਪਛਤਾਵਾ ਹੀ ਪੱਲੇ ਪੈਂਦੇ ਹਨ।

ਭਲਾ ਜੇ ਕਿਸੇ ਨੂੰ ਸਾਰੀ ਸ੍ਰਿਸ਼ਟੀ ਦਾ ਰਾਜ ਵੀ ਮਿਲ ਜਾਏ, ਫਿਰ ਵੀ ਉਸਦੀ ਤ੍ਰਿਪਤੀ ਤੇ ਸ਼ਾਂਤੀ ਨਹੀਂ ਹੁੰਦੀ, ਸਗੋਂ ਭਟਕਣਾ ਅਤੇ ਬੇਚੈਨੀ ਬਣੀ ਰਹਿੰਦੀ ਹੈ।

ਤ੍ਰਿਸ਼ਨਾ-ਗ੍ਰਸਤ ਮਨੁਖ ਹਲਕਾਇਆ ਫਿਰਦਾ ਹੈ ਅਤੇ ਇਸ ਬਰਲ ਅਧੀਨ ਵਡੇ ਤੋਂ ਵੱਡਾ ਪਾਪ ਕਰਨ ਤੋਂ ਸੰਕੋਚ ਨਹੀਂ ਕਰਦਾ।

***ਬੈਰ, ਬਿਰੋਧ, ਕਾਮ, ਕ੍ਰੋਧ, ਮੋਹ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥(੭॥੪)***

ਇਹ ਸਾਰੇ ਵਿਕਾਰ, ਜੋ ਪਾਪਾਂ ਦਾ ਮੂਲ ਹਨ, ਤ੍ਰਿਸ਼ਨਾ ਦਾ ਹੀ ਟੱਬਰ ਕਬੀਲਾ ਹਨ।

'ਧਾਤ' ਦਾ ਰਾਹ ਜ਼ਮ-ਮਾਰਗ ਹੈ, ਜੋ ਅਤਿ ਬਿਖੜਾ, ਭਿਆਨਕ ਅਤੇ ਦੁਖਦਾਈ ਹੈ। ਇਥੇ ਜਮ ਦੇ ਜਾਲ ਵਿਚ ਫਸਿਆ ਮਨੁਖ ਇਸ ਲੋਕ ਵਿਚ ਵੀ ਦੁਖੀ ਰਹਿੰਦਾ ਹੈ ਅਤੇ ਪ੍ਰਲੋਕ ਵਿਚ ਵੀ ਇਸ ਦੀ ਦੁਰਦਸ਼ਾ ਹੁੰਦੀ ਹੈ। ਦੋਹੀਂ ਜਹਾਨੀਂ ਕਸ਼ਟ ਅਤੇ ਨਮੋਸ਼ੀ ਹੀ ਪੱਲੇ ਪੈਂਦੀ ਹੈ। ਭਾਵੇਂ ਕੋਈ ਕਿੰਨਾ ਸ਼ਕਤੀ-ਸ਼ਾਲੀ ਹੋਵੇ, ਇਸ ਜਮ-ਜਾਲ ਤੋਂ ਛੁਟਕਾਰਾ ਨਹੀਂ ਪਾ ਸਕਦਾ। ਮਾਂ, ਪਿਓ, ਸਜਣ, ਭੈਣ, ਕੋਈ ਵੀ ਜਮ-ਜਾਲ ਤੋਂ ਛੁਡਾ ਨਹੀਂ ਸਕਦਾ। ਲਖਾਂ ਕਰੋੜਾਂ ਜਤਨਾਂ ਨਾਲ ਵੀ ਜਮਾਂ ਦੀ ਧਾੜ ਨੂੰ ਬੰਨ੍ਹ ਨਹੀਂ ਪੈਂਦਾ।

ਇਸ ਮੁਸ਼ਕਲ ਤੋਂ ਛੁਟਕਾਰੇ ਦਾ ਸਾਧਨ ਕੇਵਲ ਇਹੀ ਹੈ ਕਿ ਮਨੁੱਖ 'ਧਾਤੁ' ਦਾ ਰਾਹ ਛਡ ਕੇ 'ਲਿਵ' ਦੇ ਰਾਹ ਆ ਪਵੇ, ਪ੍ਰਭੂ ਸਿਮਰਨ ਵਿਚ ਜੁਟ ਜਾਏ। ਫਿਰ ਦੁਖਾਂ ਕਲੇਸ਼ਾਂ ਦਾ ਡੇਰਾ ਪੁਟਿਆ ਜਾਵੇਗਾ।

ਤ੍ਰਿਸ਼ਨਾ ਦੀ ਮਚਦੀ ਅੱਗ ਇਕ-ਦਮ ਸ਼ਾਂਤ ਹੋ ਜਾਏਗੀ ਤੇ ਮਨ ਸਦੀਵ-ਕਾਲ ਲਈ ਸੁਖੀ ਹੋ ਜਾਏਗਾ ਗੁਰਬਾਣੀ ਜ਼ਾਮਨ ਹੈ ਕਿ ਪ੍ਰਭੂ-ਸਿਮਰਨ ਸਦਕਾ ਪੂਰਾਂ ਦੇ ਪੂਰ ਭਵ-ਸਾਗਰ ਤੋਂ ਉਧਰ ਗਏ।

'ਸੁਖਮਨੀ' ਨਾਮ-ਸਿਮਰਨ ਨੂੰ ਆਤਮਾ ਦੀ ਖੁਰਾਕ ਦਸ ਕੇ ਬਾਰ ਬਾਰ ਸਿਮਰਨ ਕਰਨ ਦੀ ਤਾਕੀਦ ਕਰਦੀ ਹੈ। ਸਮੁੱਚੇ ਮਨੁੱਖੀ ਸਰੀਰ ਨੂੰ ਸਫਲ ਕਰਨ ਲਈ ਰਸਨਾ ਨਾਲ, ਹਿਰਦੇ ਨਾਲ ਅਤੇ ਸਾਸਿ ਗ੍ਰਾਸਿ ਨਾਮ ਸਿਮਰਨ ਕੀਤੇ ਜਾਣ ਦੀ ਹਦਾਇਤ ਦੇਂਦੀ ਹੈ।

'ਸੁਖਮਨੀ' ਅਨੁਸਾਰ ਨਾਮ ਸਿਮਰਨ ਅਮੋਲਕ ਖਜ਼ਾਨਾ ਹੈ, ਅੰਮ੍ਰਿਤ ਭੋਜਨ ਹੈ, ਸਰਬ-ਰੋਗ ਨਾਸ਼ਕ ਅਉਸ਼ਧੀ ਹੈ, ਸੁਖਾਂ ਦੀ ਖਾਣ ਹੈ ਅਤੇ ਨਾਮੀ ਪੁਰਸ਼ ਧੰਨਤਾ ਜੋਗ ਹੈ, ਉਹ ਸਾਧ ਹੈ, ਸੰਤ ਹੈ, ਬ੍ਰਹਮ ਗਿਆਨੀ ਹੈ। ਪਰ ਪ੍ਰਭੂ-ਦਾਤੇ ਦੀਆਂ ਅਮੋਲ ਨਿਆਮਤਾਂ ਪ੍ਰਾਪਤ ਕਰਕੇ, ਉਸਦੀਆਂ ਦਾਤਾਂ ਵਿਚ ਖਚਤ ਹੋ ਕੇ ਦਾਤਾਰ ਨੂੰ ਵਿਸਾਰ ਦੇਣ ਵਾਲਾ ਅਕ੍ਰਿਤਘਣ ਮਨੁਖ ਧ੍ਰਿਕਾਰ ਜੋਗ ਹੈ, ਉਹ ਸਾਕਤ ਹੈ, ਆਤਮ-ਘਾਤੀ ਹੈ, ਮਨੁਖੀ ਜਾਮੇ ਵਿਚ ਪਸ਼ੂ ਹੈ।

ਹਰਿ ਸਿਮਰਨ ਦੀ ਅਮੋਲਕ ਦਾਤਿ ਕਿਸੇ ਵਡਭਾਗੇ ਜੀਵ ਨੂੰ ਮਿਲਦੀ ਹੈ, ਜਿਸ ਉਤੇ ਕਰਤਾ ਪੁਰਖ ਦੀ ਮਿਹਰ ਹੋਵੇ।

ਨਾਮ-ਦਾਤਿ ਕੇਵਲ ਅਤੇ ਕੇਵਲ ਸਤਿਗੁਰੂ ਦੀ ਰਾਹੀਂ ਹੀ ਮਿਲ ਸਕਦੀ ਹੈ ਅਤੇ 'ਸੁਖਮਨੀ' ਵਿਚ ਦਰਸਾਏ ਸਤਿਗੁਰੂ ਦੇ ਲਛਣ ਇਹ ਹਨ -

***ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥...***
***ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ॥ ਅਨਿਕ ਬਾਰ ਗੁਰ ਕਉ ਬਲਿ ਜਾਉ॥***
***ਸਰਬ ਨਿਧਾਨ ਜੀਅ ਕਾ ਦਾਤਾ॥ ਆਠ ਪਹਰ ਪਾਰਬ੍ਰਹਮ ਰੰਗਿ ਰਾਤਾ॥...***
***ਪੂਰਾ ਗੁਰ ਅਖੁਓ ਜਾ ਕਾ ਮੰਤ੍ਰ॥ ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ॥ (੧੮)***

# ਗੁਰੂ ਹਰਿ ਰਾਏ ਜੀ
## (1630-1661)

*[ਪ੍ਰਿੰਸੀਪਲ ਤੇਜਾ ਸਿੰਘ ਜੀ]*

ਗੁਰੂ ਹਰਿਗੋਬਿੰਦ ਸਿੰਘ ਜੀ ਦੇ ਬਾਬਾ ਗੁਰਦਿੱਤਾ, ਸੂਰਜ ਮੱਲ, ਅਣੀ ਰਾਏ, ਬਾਬਾ ਅਟੱਲ ਅਤੇ ਤੇਗ ਬਹਾਦਰ ਜੀ, ਪੰਜ ਪੁੱਤਰ ਸਨ। ਅਟੱਲ, ਅਣੀ ਰਾਏ ਅਤੇ ਗੁਰਦਿੱਤਾ ਜੀ ਆਪਣੇ ਪਿਤਾ ਦੇ ਜਿਉਂਦਿਆਂ ਹੀ ਪੂਰੇ ਹੋ ਗਏ ਸਨ। ਸੂਰਜ ਮੱਲ ਸੰਸਾਰਕ ਮਾਮਲਿਆਂ ਵਿਚ ਲੋੜੋਂ ਵੱਧ ਖੱਚਤ ਰਹਿਣ ਵਾਲਾ ਸੀ ਤੇ ਗੁਰੂ ਤੇਗ ਬਹਾਦਰ ਜੀ ਦੁਨੀਆਵੀ ਮਾਮਲਿਆਂ ਵਿਚ ਲੋੜੀਂਦੀ ਦਿਲਚਸਪੀ ਵੀ ਨਹੀਂ ਸੀ ਲੈਂਦੇ। ਇਸ ਲਈ ਉਨ੍ਹਾਂ ਦੋਨਾਂ ਵਿਚੋਂ ਗੁਰਿਆਈ ਦੇ ਯੋਗ ਕਿਸੇ ਨੂੰ ਵੀ ਨਹੀਂ ਸੀ ਸਮਝਿਆ ਗਿਆ। ਬਾਬਾ ਗੁਰਦਿੱਤਾ ਜੀ ਦੇ ਧੀਰ ਮੱਲ ਅਤੇ (ਗੁਰੂ) ਹਰਿ ਰਾਏ ਜੀ ਦੋ ਪੁੱਤਰ ਸਨ। ਧੀਰ ਮੱਲ ਭਾਵੇਂ ਉਮਰ ਵਿਚ ਵੱਡਾ ਸੀ, ਪਰ ਉਹ ਵਫ਼ਾਦਾਰ ਨਹੀਂ ਸੀ ਅਤੇ ਵੈਰੀਆਂ ਨਾਲ ਮਿਲ ਕੇ ਸਾਜ਼ਿਸ਼ਾਂ ਕਰਦਾ ਰਹਿੰਦਾ ਸੀ। ਕੇਵਲ (ਗੁਰੂ) ਹਰਿ ਰਾਏ ਜੀ ਨੇ ਹੀ ਉਨ੍ਹਾਂ ਔਖੇ ਦਿਨਾਂ ਵਿਚ ਆਪਣੇ ਆਪ ਨੂੰ ਕੌਮ ਦੀ ਅਗਵਾਈ ਦੇ ਯੋਗ ਸਿੱਧ ਕੀਤਾ ਸੀ।

(ਗੁਰੂ) ਹਰਿ ਰਾਏ ਜੀ ਦਾ ਜਨਮ ੩੦ ਜਨਵਰੀ ੧੬੩੦ ਨੂੰ ਕੀਰਤਪੁਰ ਵਿਚ ਹੋਇਆ ਸੀ। ਸ਼ੁਰੂ ਤੋਂ ਹੀ ਉਨ੍ਹਾਂ ਨੇ ਆਪਣੇ ਅੰਦਰ ਸ਼ਕਤੀ ਅਤੇ ਕੋਮਲਤਾ ਦਾ ਇਕ ਚੰਗਾ ਮੇਲ ਦਰਸਾਇਆ ਸੀ। ਉਹ ਇਕ ਸ਼ਿਕਾਰੀ ਤਾਂ ਜ਼ਰੂਰ ਸਨ ਅਤੇ ਨਾਲ ਹੀ ਉਹ ਇਤਨੇ ਦਇਆਵਾਨ ਸਨ ਕਿ ਜਿਨ੍ਹਾਂ ਜਾਨਵਰਾਂ ਦਾ ਉਹ ਪਿੱਛਾ ਕਰਿਆ ਕਰਦੇ ਸਨ ਜਾਂ ਜਿਨ੍ਹਾਂ ਨੂੰ ਫੜ ਲੈਂਦੇ ਸਨ, ਉਨ੍ਹਾਂ ਨੂੰ ਮਾਰਦੇ ਨਹੀਂ ਸਨ। ਉਹ ਉਨ੍ਹਾਂ ਨੂੰ ਫੜ ਕੇ ਘਰ ਲੈ ਆਉਂਦੇ, ਉਨ੍ਹਾਂ ਨੂੰ ਲੋੜੀਂਦੀ ਖੁਰਾਕ ਦਿੰਦੇ ਅਤੇ ਆਪਣੇ ਚਿੜੀਆ-ਘਰ ਵਿਚ ਸੰਭਾਲ ਕੇ ਰੱਖਦੇ। ਉਨ੍ਹਾਂ ਦੇ ਬਚਪਨ ਸਮੇਂ ਇਕ ਦਿਨ ਜਦੋਂ ਉਹ ਬਾਗ਼ ਵਿਚੋਂ ਦੀ ਲੰਘ ਰਹੇ ਸਨ ਤਾਂ ਉਨ੍ਹਾਂ ਦੇ ਖੁਲ੍ਹੇ ਚੋਗੇ ਵਿਚ ਫਸ ਕੇ ਫੁੱਲ ਦੀਆਂ ਪੱਤੀਆਂ ਟੁੱਟ ਕੇ ਜ਼ਮੀਨ ਤੇ ਡਿੱਗ ਪਈਆਂ। ਇਹ ਦ੍ਰਿਸ਼ ਉਹ ਝੱਲ ਨਾ ਸਕੇ ਅਤੇ ਉਨ੍ਹਾਂ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਹ ਬਾਬਾ ਫ਼ਰੀਦ ਜੀ ਦੀਆਂ ਇਹ ਪੰਗਤੀਆਂ ਬੜੇ ਸ਼ੌਕ ਨਾਲ ਗਾਇਆ ਕਰਦੇ ਸਨ -

*ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ*
*ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥*
*ਅੰਗ - ੧੩੮੪*

(ਭਾਵ ਸਭਨਾਂ ਦੇ ਦਿਲ ਅਮੋਲਕ ਹਨ। ਜੇ ਤੈਨੂੰ (ਮਨੁੱਖ ਨੂੰ) ਰੱਬ ਨੂੰ ਮਿਲਣ ਦੀ ਇੱਛਾ ਹੈ ਤਾਂ ਕਿਸੇ ਦਾ ਦਿਲ ਨਾ ਦੁਖਾਈਂ।)

ਉਨ੍ਹਾਂ ਕਿਹਾ, ਮੰਦਰ ਜਾਂ ਮਸੀਤ ਦੀ ਮੁਰੰਮਤ ਹੋ ਸਕਦੀ ਹੈ ਜਾਂ ਮੁੜ ਬਣਾਏ ਜਾ ਸਕਦੇ ਹਨ ਪਰ ਟੁੱਟਾ ਹੋਇਆ ਦਿਲ ਮੁਰੰਮਤ ਨਹੀਂ ਹੋ ਸਕਦਾ। ਉਹ ਦਰਸ਼ਨ ਲਈ ਆਉਣ ਵਾਲੇ ਸਿੱਖਾਂ ਨੂੰ ਸਦਾ ਇਹੋ ਹੀ ਪੁਛਦੇ ਕਿ ਕੀ ਉਹ ਲੰਗਰ ਚਲਾਉਂਦੇ ਸਨ ਅਤੇ ਭੋਜਨ ਵੰਡ ਕੇ ਛਕਦੇ ਸਨ। ਦੂਜਿਆਂ ਦਾ ਭਲਾ ਕਰਨ ਦੀ ਗੱਲ 'ਤੇ ਉਹ ਸਭ ਗੱਲਾਂ ਨਾਲੋਂ ਵੱਧ ਖੁਸ਼ ਹੁੰਦੇ ਸਨ। ਇਹ ਸਾਰਾ ਕੁਝ ਹੁੰਦਿਆਂ ਹੋਇਆਂ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਗੁਰੂ ਹਰਿ ਰਾਏ ਜੀ ਇਕ ਸਿਪਾਹੀ ਸਨ। ਉਨ੍ਹਾਂ ਨੇ ੨੨੦੦ ਘੋੜਸਵਾਰ ਸੈਨਿਕ ਆਪਣੇ ਪਾਸ ਰੱਖੇ, ਜਿਨ੍ਹਾਂ ਨੂੰ ਲੋੜ ਪੈਣ 'ਤੇ ਇਕ ਦਮ ਵਰਤਿਆ ਜਾ ਸਕਦਾ ਸੀ ਪਰ ਗੁਰੂ ਜੀ ਅਮਨ ਦੀ ਨੀਤੀ ਉੱਤੇ ਚੱਲਣ ਲਈ ਦ੍ਰਿੜ੍ਹ ਸਨ। ਜਦੋਂ ਸ਼ਾਹ ਜਹਾਨ ਦੇ ਪੁੱਤਰ ਦਿੱਲੀ ਦੇ ਤਖਤ ਲਈ ਲੜ ਰਹੇ ਸਨ ਤਾਂ ਗੁਰੂ ਜੀ ਆਪਣੀ ਸੈਨਾ ਨੂੰ ਮੈਦਾਨ ਵਿਚ ਲਿਆਉਣ ਲਈ ਮਜਬੂਰ ਹੋ ਗਏ ਪਰ ਉਨ੍ਹਾਂ ਇਸ ਗੱਲ ਦਾ ਖਿਆਲ ਰੱਖਿਆ ਕਿ ਖ਼ੂਨ ਖ਼ਰਾਬਾ ਨਾ ਕੀਤਾ ਜਾਵੇ। ਦਾਰਾ ਸ਼ਿਕੋਹ ਬਹੁਤ ਸਾਰੇ ਹੋਰ ਸੂਫ਼ੀਆਂ ਦੀ ਤਰ੍ਹਾਂ ਸਿੱਖ ਮਤ ਦਾ ਪ੍ਰਸ਼ੰਸਕ ਸੀ ਅਤੇ ਜਾਪਦਾ ਹੈ ਕਿ ਗੁਰੂ ਜੀ ਪ੍ਰਤੀ ਉਸ ਦੇ ਦਿਲ ਅੰਦਰ ਸਤਿਕਾਰ ਸੀ। ਉਨ੍ਹਾਂ ਨੇ ਇਕ ਵਾਰ ਦੁਰਲੱਭ ਦਵਾਈ ਭੇਜ ਕੇ ਉਸ ਦੀ ਜਾਨ ਬਚਾਈ ਸੀ।

ਔਰੰਗਜ਼ੇਬ ਦੀ ਫੌਜ ਦੇ ਅੱਗੇ-ਅੱਗੇ ਭੱਜਾ ਹੋਇਆ ਦਾਰਾ ਸ਼ਿਕੋਹ ਗੋਇੰਦਵਾਲ ਪੁੱਜਾ ਅਤੇ ਉਸ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਉਸ ਨੂੰ ਫੜ੍ਹੇ ਜਾਣ ਤੋਂ ਬਚਾਉਣ। ਗੁਰੂ ਜੀ ਨੇ ਪਿੱਛਾ ਕਰ ਰਹੀ ਮੁਗ਼ਲ ਫ਼ੌਜ ਦੇ ਵਿਰੁੱਧ ਦਰਿਆ ਬਿਆਸ ਦਾ ਰਾਹ ਰੋਕਣ ਲਈ ਆਪਣੇ

ਆਦਮੀ ਭੇਜੇ ਤਾਂ ਜੋ ਸ਼ਰਨਾਰਥੀ ਸ਼ਹਿਜ਼ਾਦਾ ਬਚ ਨਿਕਲਣ ਵਿਚ ਸਫਲ ਹੋ ਜਾਏ। ਔਰੰਗਜ਼ੇਬ ਨੂੰ ਇਹ ਗੱਲ ਨਹੀਂ ਭੁੱਲੀ, ਤਖ਼ਤ ਉੱਤੇ ਬੈਠਦਿਆਂ ਹੀ ਉਸ ਨੇ ਗੁਰੂ ਜੀ ਨੂੰ ਆਪਣੇ ਸਾਹਮਣੇ ਹਾਜ਼ਰ ਹੋਣ ਲਈ ਬੁਲਾਵਾ ਭੇਜਿਆ। ਗੁਰੂ ਜੀ ਆਪ ਨਹੀਂ ਗਏ। ਉਨ੍ਹਾਂ ਨੇ ਆਪਣੇ ਪੁੱਤਰ ਰਾਮ ਰਾਏ ਨੂੰ ਭੇਜਿਆ। ਔਰੰਗਜ਼ੇਬ ਇਸ ਗੱਲ ਦੀ ਤਸੱਲੀ ਕਰਨਾ ਚਾਹੁੰਦਾ ਸੀ ਕਿ ਸਿੱਖ ਮਤ ਵਿਚ ਇਸਲਾਮ ਦੇ ਵਿਰੁੱਧ ਤਾਂ ਕੋਈ ਗੱਲ ਨਹੀਂ ਹੈ। ਬਾਦਸ਼ਾਹ ਨੇ ਰਾਮ ਰਾਏ ਨੂੰ ਬਹੁਤ ਸਾਰੇ ਪ੍ਰਸ਼ਨ ਪੁੱਛੇ। ਉਨ੍ਹਾਂ ਵਿਚੋਂ ਇਕ ਪ੍ਰਸ਼ਨ ਗੁਰੂ ਨਾਨਕ ਜੀ ਦੀਆਂ ਰਚਨਾਵਾਂ ਵਿਚੋਂ ਇਕ ਤੁਕ ਸੀ ਜਿਹੜੀ ਮੁਸਲਮਾਨਾਂ ਦੇ ਇਸ ਵਿਸ਼ਵਾਸ ਨਾਲ ਸੰਬੰਧਿਤ ਸੀ ਕਿ ਜਿਹੜੇ ਮ੍ਰਿਤਕ ਸਰੀਰਾਂ ਨੂੰ ਮੌਤ ਪਿਛੋਂ ਸਾੜ ਦਿੱਤਾ ਜਾਂਦਾ ਹੈ, ਉਹ ਦੋਜ਼ਖ ਵਿਚ ਜਾਂਦੇ ਹਨ। ਉਹ ਤੁਕ ਇਉਂ ਹੈ –

***ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ॥***
***ਘੜਿ ਭਾਂਡੇ ਇਟਾ ਕੀਆਂ ਜਲਦੀ ਕਰੇ ਪੁਕਾਰ॥***
***ਅੰਗ – ੪੬੬***

ਬਾਦਸ਼ਾਹ ਨੇ ਰਾਮ ਰਾਏ ਨੂੰ ਪੁੱਛਿਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਮੁਸਲਮਾਨਾਂ ਦੀ ਨਿੰਦਿਆ ਕਿਉਂ ਕੀਤੀ ਗਈ ਹੈ। ਰਾਮ ਰਾਏ ਨੇ ਤੁਕ ਵਿਚ ਇਕ ਸ਼ਬਦ ਬਦਲ ਕੇ ਮੌਕਾ ਬਚਾ ਲਿਆ। ਉਸ ਕਿਹਾ ਕਿ 'ਮੁਸਲਮਾਨ' ਸ਼ਬਦ ਕਾਤਬ ਦੀ ਗਲਤੀ ਨਾਲ ਲਿਖਿਆ ਗਿਆ ਹੈ। ਅਸਲ ਵਿਚ ਇਹ ਸ਼ਬਦ 'ਬੇਈਮਾਨ' ਹੈ। ਬਾਦਸ਼ਾਹ ਖੁਸ਼ ਹੋ ਗਿਆ ਤੇ ਉਸ ਨੇ ਰਾਮ ਰਾਏ ਨੂੰ ਦੂਨ ਦੀ ਵਾਦੀ ਵਿੱਚ ਜਾਗੀਰ ਦੇ ਦਿੱਤੀ ਪਰ ਗੁਰੂ ਜੀ ਨੂੰ ਆਪਣੇ ਇਸ ਪੁੱਤਰ ਵਿਚ ਸੱਚਾਈ ਅਤੇ ਹੌਸਲੇ ਦੀ ਘਾਟ ਦੀ ਖ਼ਬਰ ਸੁਣ ਕੇ ਬਹੁਤ ਦੁੱਖ ਹੋਇਆ। ਉਨ੍ਹਾਂ ਨੇ ਉਸ ਨੂੰ ਗੁਰਿਆਈ ਦੇ ਜ਼ਿੰਮੇਵਾਰ ਅਹੁਦੇ ਲਈ ਅਯੋਗ ਘੋਸ਼ਿਤ ਕਰ ਦਿੱਤਾ ਅਤੇ ਇਸ ਗੱਲ ਲਈ ਆਪਣਾ ਮਨ ਬਣਾ ਲਿਆ ਕਿ ਰਾਮ ਰਾਏ ਦੀ ਥਾਂ ਗੁਰਗੱਦੀ ਹਰਿ ਕ੍ਰਿਸ਼ਨ ਜੀ ਨੂੰ ਦਿੱਤੀ ਜਾਵੇਗੀ।

ਗੁਰੂ ਹਰਿ ਰਾਏ ਜੀ ਦੇ ਸਮੇਂ ਸਿੱਖ ਮਤ ਨੇ ਚੰਗੀ ਉੱਨਤੀ ਕੀਤੀ। ਉਨ੍ਹਾਂ ਨੇ ਇਕ ਸੰਨਿਆਸੀ ਭਗਤ ਭਗਵਾਨ ਨੂੰ, ਜਿਹੜਾ ਸਿੱਖ ਹੋ ਗਿਆ ਸੀ, ਪੰਜਾਬ ਤੋਂ ਬਾਹਰ ਪੂਰਬ ਵਿਚ ਸਿੱਖ ਮਤ ਦੇ ਪ੍ਰਚਾਰ ਲਈ ਭੇਜਿਆ। ਕੈਂਥਲ ਅਤੇ ਬਾਗੜੀਆਂ ਦੇ ਭਾਈ ਪਰਿਵਾਰਾਂ ਨੂੰ ਜਮਨਾ ਅਤੇ ਸਤਲੁਜ ਦਰਿਆਵਾਂ ਦੇ ਦਰਮਿਆਨੀ ਇਲਾਕੇ ਵਿਚ ਪ੍ਰਚਾਰ ਦਾ ਕੰਮ ਸੌਂਪਿਆ ਗਿਆ। ਬਿਆਸ ਅਤੇ ਰਾਵੀ ਦੇ ਵਿਚਕਾਰ ਦੇ ਬਹੁਤ ਵੱਡੇ ਇਲਾਕੇ ਵਿਚ ਭਾਈ ਫੇਰੂ, ਗੁਰੂ ਜੀ ਦੇ ਮਸੰਦ ਵਜੋਂ ਕੰਮ ਕਰ ਰਿਹਾ ਸੀ।

ਗੁਰੂ ਹਰਿ ਰਾਏ ਜੀ ਪੂਰੀ ਯੋਗਤਾ ਨਾਲ ਲਗਭੱਗ ਸਤਾਰਾਂ ਸਾਲਾਂ ਤੱਕ ਗੁਰਿਆਈ ਨਿਭਾਉਣ ਉਪਰੰਤ ੬ ਅਕਤੂਬਰ ੧੬੬੧ ਨੂੰ ਕੀਰਤਪੁਰ ਵਿਖੇ ਜੋਤੀ ਜੋਤ ਸਮਾ ਗਏ।

***(ਪੰਨਾ 14 ਦੀ ਬਾਕੀ)***

ਹਨ। ਏਸ ਗੁਰਮਤਿ ਗੁਰਮੰਤਰ 'ਵਾਹਿਗੁਰੂ' ਦੇ ਵਿਧੀ ਪੂਰਬਕ ਅਭਿਆਸ ਦੁਆਰਾ ਜੋਤਿ ਪ੍ਰਕਾਸ਼ਕ ਵਿਸਮਾਦੀ ਅਨੰਦ ਰੰਗ ਬੁਝਦੇ ਹਨ। ਨਾਮ ਅਭਿਆਸ ਦਾ ਹੱਦ-ਬੰਨਾ ਕੋਈ ਨਹੀਂ, ਨਾਮ, ਪਰਮ ਤੇ ਅਗਾਧ ਅਨੰਦ ਵਿਖੇ ਜਾ ਸਮਾਧੀ ਕਰਾਉਂਦਾ ਹੈ, ਤੇ ਸਹਿਜ ਅਵਸਥਾ ਪ੍ਰਾਪਤ ਹੁੰਦੀ ਹੈ – 'ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ॥' ਵਾਲੇ ਦਿਬ ਲੋਇਣ ਓਥੇ ਜਾ ਕੇ ਹੀ ਖੁਲ੍ਹਦੇ ਹਨ – 'ਅਦਿਸਟਿ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ।' ਵਾਲੀ ਜੀਵਨ ਮੁਕਤਿ ਜੋਤੀ ਜੋਤਿ ਸਮਾਏ ਰਹਿਣ, ਸਦਾ ਸਮਾਏ ਰਹਿਣ ਵਾਲਾ ਉਚ ਮੇਅਰਾਜ ਪ੍ਰਾਪਤ ਹੁੰਦਾ ਹੈ। ਨਾਮ ਦੀ ਅਗਾਧ ਕਲਾ ਹੈ, ਜਿਸ ਦੇ ਤੁਫੈਲ ਅਕਾਲ ਪੁਰਖ ਦੇ ਪਰਤੱਖ ਦਰਸ਼ਨ, ਦਸਮ ਦੁਆਰ ਦਾ ਉਘਾੜ ਤੇ ਸਚਖੰਡ ਦਾ ਨਿਵਾਸ ਪ੍ਰਾਪਤ ਹੁੰਦਾ ਹੈ।

ਸਾਰ-ਸਿੱਟਾ ਇਹ ਹੈ ਕਿ ਅਸਲੀ ਕਲਿਆਣਕਾਰੀ ਮੰਤਰਾਂ ਸਿਰ ਮੰਤਰ 'ਵਾਹਿਗੁਰੂ' ਗੁਰਮੰਤਰ ਹੈ, ਜੋ ਬੇਦ ਕਤੇਬਾਂ ਤੋਂ ਅਗੋਚਰਾ ਅਕਾਲ ਪੁਰਖ ਦਾ ਆਪ ਸੰਕੇਤਿਆ ਨਾਮ ਹੈ, ਜਿਹਾ ਕਿ –

***ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦ ਸੁਣਾਇਆ॥***
***ਵਾਰ ੧੨, ਪਉੜੀ ੧੭***

ਏਸ ਗੁਰਮੰਤਰ ਨੂੰ ਜਪਣ ਦੀ ਭਾਈ ਗੁਰਦਾਸ ਜੀ ਹਦਾਇਤ ਕਰਦੇ ਹਨ –

***ਵਾਹਿਗੁਰੂ ਸਾਲਾਹਣਾ ਗੁਰ ਸਬਦ ਅਲਾਏ॥***
***ਵਾਰ ੯, ਪਉੜੀ ੧੩***
***ਵਾਹਿਗੁਰੂ ਗੁਰੁ ਸਬਦੁ ਲੈ ਪਿਰਮ ਪਿਆਲਾ ਚੁਪਿ ਚੁਬੋਲਾ।***
***ਵਾਰ ੪, ਪਉੜੀ ੧***

ਇਸ ਗੁਰਮੰਤਰ ਨੂੰ ਬਾਰ ਬਾਰ ਜਪਣ ਦੀ ਹਦਾਇਤ ਗੁਰਬਾਣੀ ਵਿਚ ਥਾਂ ਥਾਂ ਮਿਲਦੀ ਹੈ –

***ਬਾਰੰ ਬਾਰ ਬਾਰ ਪ੍ਰਭੁ ਜਪੀਐ॥***
***ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥੬॥ ਅੰਗ – ੧੭***

ਸੋ ਨਾਮ ਦਾ ਬਾਰ-ਬਾਰ ਜਪਣਾ ਨਿਰੀ ਮਕੈਨੀਕਲ ਰੈਪੀਟੀਸ਼ਟਨ (ਮੁੜ ਮੁੜ ਇਕ ਸ਼ਬਦ ਨੂੰ ਆਮੁਹਾਰਾ ਕਹੀ ਜਾਣ ਵਾਲੀ ਫੋਕੀ ਕਾਰ) ਨਹੀਂ, ਸਗੋਂ ਨਾਮ-ਰਸ ਲੀਨ ਕਰਾਉਣ ਵਾਲੀ ਤੇ ਕਪਾਟ ਖੋਲ੍ਹਣ ਵਾਲੀ ਸਚੀ ਕਾਰ ਹੈ। ਗੁਰਮਤਿ ਨਾਮ ਅਰਥਾਤ ਵਾਹਿਗੁਰੂ ਦਾ ਅਭਿਆਸ ਊਠਤ ਬੈਠਤ ਸੋਵਤ ਜਾਗਤ ਸਾਸ ਗ੍ਰਾਸ ਹੋ ਸਕਦਾ ਹੈ, ਰਸਨਾ (ਜੀਭ) ਦੁਆਰਾ ਅਥਵਾ ਸੁਆਸਾਂ ਤੇ ਸੁਰਤੀ ਦੁਆਰਾ।।

*'ਵਾਹਿਗੁਰੂ ਸਿਮਰਨ' ਟਰੈਕਟ ਵਿਚੋਂ*

# ਦਾੜ੍ਹੀ ਦੀ ਮਹੱਤਤਾ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

*ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨ੍ਹਿ॥*
*ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨ੍ਹਿ॥*
*ਨਾਨਕ ਸੋ ਮੁਹ ਸੋਹਣੇ ਸਚੈ ਦਰਿ ਦਿਸੰਨ੍ਹਿ॥੫੨॥*
*ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ॥*
*ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ॥*
*ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਂਹਿ॥*
*ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ॥*
*ਸਚੀ ਦਰਗਹ ਬੈਸਣਾ ਸਚੇ ਮਾਹਿ ਸਮਾਹਿ॥*
*ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਂਹਿ॥੫੩॥*

ਇਸ ਗੁਰਵਾਕ ਦੀ ਪਹਿਲੀ ਪੰਗਤੀ ਦਾ ਸਪਸ਼ਟ ਭਾਵ ਇਹ ਹੈ ਕਿ ਸੇਈ ਦਾੜ੍ਹੀਆਂ ਸੱਚੀਆਂ ਅਤੇ ਸੁੱਚੀਆਂ ਹਨ ਜੋ ਗੁਰੂ ਕੀ ਚਰਨੀ ਲਗਦੀਆਂ ਹਨ ਅਤੇ ਇਹੋ ਜਿਹੀ ਸਿਧੀਆਂ ਦਾੜ੍ਹੀਆਂ ਵਾਲੇ ਗੁਰਮੁਖ ਜਨ ਸਚੇ ਗੁਰਮੁਖ ਜਨ ਹਨ। ਸੋ ਗੁਰ ਚਰਨੀ ਲੱਗਣ ਸਮੇਂ ਤਿਨ੍ਹਾਂ ਦੀਆਂ ਗੁਰਮੁਖੀ ਸਿਧੀਆਂ ਦਾੜ੍ਹੀਆਂ ਹੀ ਸੁਤੇ ਸੁਭਾ ਗੁਰਚਰਨੀ ਆਣ ਲਗਦੀਆਂ ਹਨ। ਭਲਾ ਮੁੰਨੀਆਂ ਮੁੜ ਚੁੰਨੀਆਂ ਦਾੜ੍ਹੀਆਂ ਨੇ ਗੁਰ ਚਰਨੀ ਕੀ ਲਗਣਾ ਸੀ? ਮੁੰਨੀਆਂ ਮੁੜ ਚੁੰਨੀਆਂ ਦਾੜ੍ਹੀਆਂ ਵਾਲੇ ਜਦੋਂ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦੇ ਹਨ ਤਾਂ ਤਿਨਾਂ ਦੀਆਂ ਮੁਨੀਆਂ ਮੁੱੜਚੰਨੀਆਂ ਦਾੜ੍ਹੀਆਂ ਗੁਰ ਚਰਨੀ ਲਗਣੋਂ ਵਾਂਝੀਆ ਹੀ ਰਹਿ ਜਾਂਦੀਆਂ ਹਨ। ਅਜ ਕਲ ਇਹ ਫੈਸ਼ਨ ਹੋ ਗਿਆ ਹੈ ਕਿ ਜਿਤਨੇ ਭੀ ਸਿਖ ਦੇਖੀਦੇ ਹਨ ਸਭ ਦੀਆਂ ਦਾੜ੍ਹੀਆਂ ਵਾਢਿਓ ਮਰੋੜ ਤੋੜਕੇ ਚਾੜ੍ਹੀਆਂ ਹੁੰਦੀਆਂ ਹਨ। ਕਈ ਤਾਂ ਦਾੜ੍ਹੀਆਂ ਚਪਕਾਕੇ ਐਸੀਆਂ ਚਾੜ੍ਹ ਦੇ ਹਨ ਕਿ ਦਾੜ੍ਹੀਆਂ ਆਈਆਂ ਮਲੂਮ ਹੀ ਨਾ ਹੋਣ। ਅਗੇ ਤਾਂ ਕੇਵਲ ਫੌਜੀ ਸਿਖ ਹੀ ਦਾੜ੍ਹੀਆਂ ਚੜ੍ਹਾਇਆ ਕਰਦੇ ਸਨ, ਹੁਣ ਤਾਂ ਹਰ ਇਕ ਮਹਿਕਮੇ ਦੇ ਸਿੱਖ ਮੁਲਾਜ਼ਮ ਸਾਰੇ ਦੇ ਸਾਰੇ ਹੀ ਦਾੜ੍ਹੀਆਂ ਚੜ੍ਹਾਉਂਦੇ ਹਨ। ਗੁਰਦੁਵਾਰੇ ਵਿਚ ਭੀ ਆਉਂਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਅਗੇ ਮੱਥਾ ਟੇਕਦੇ ਹਨ ਤਾਂ ਓਹਨਾਂ ਦੀਆਂ ਚੜ੍ਹੀਆਂ ਦਾੜ੍ਹੀਆਂ ਗੁਰੂ ਚਰਨੀ ਲਗ ਹੀ ਨਹੀਂ ਸਕਦੀਆਂ। ਹਿੰਦੂਆਂ ਦੀ ਦੇਖਾ ਦੇਖੀ ਰੀਸੇ ਕੁਰੀਸੇ ਪੈ ਰਹੇ ਹਨ।

ਦਿਲੋਂ ਤਾਂ ਇਹੋ ਚਾਹੁੰਦੇ ਹਨ ਕਿ ਦਾੜ੍ਹੀਆਂ ਕਿਉਂ ਆ ਗਈਆਂ। ਪਰ ਆਈਆਂ ਦਾੜ੍ਹੀਆਂ ਦੀ ਲਾਜ ਜ਼ਰੂਰ ਰਖਣੀ ਪੈਂਦੀ ਹੈ, ਸਿਖ ਭੀ ਕਹਿੰਦੇ ਰਹਿਣ ਤੇ ਆਪੋ ਆਪਣੇ ਡੀਪਾਰਟਮੈਂਟਾਂ ਦੇ ਅਫਸਰਾਂ ਨੂੰ ਖੁਸ਼ ਕਰਦੇ ਰਹਿਣ ਪਰ ਉਹ ਖੁਸ਼ ਫੇਰ ਭੀ ਨਹੀਂ ਹੁੰਦੇ। ਉਹ ਆਨਮਤੀ ਲੋਕ ਤਾਂ ਇਸ ਗਲ ਵਿਚ ਖੁਸ਼ ਹਨ ਕਿ ਸਿਖ ਭੀ ਸਾਰੇ ਉਹਨਾਂ ਵਾਂਗ ਮੋਨੇ ਹੋ ਜਾਣ। ਸਵਾਰਥੀ ਸਿਖ ਜਾਹੇ ਹਿੰਦੂਆਂ ਵਾਲੀ ਦਾੜ੍ਹੀ ਮੁੰਨਣ ਵਾਲੀ ਵਾਦੀ ਵਿਚ ਤਾਂ ਨਹੀਂ ਪੈ ਸਕਦੇ ਪਰ ਦਾੜ੍ਹੀ ਮੁੜ ਚੁੰਨ ਕੇ ਮਰੋੜ ਤੋੜ ਕੇ ਚੜਾਉਣ ਵਿਚ ਹੀ ਹਿੰਦੂਆਂ ਦੀ ਸਵਾਰਥ ਪਸੰਦ ਖੁਸ਼ੀ ਪ੍ਰਾਪਤ ਕਰ ਲੈਂਦੇ ਹਨ। ਇਹ ਸਵਾਰਥ ਪਸੰਦੀ ਸਿਖਾਂ ਦੀ ਕਿਸੇ ਕੰਮ ਭੀ ਨਹੀਂ ਆਉਣੀ ਸਗੋਂ ਆਪਣਾ ਹੀ ਪਰਮਾਰਥ ਵਿਗਾੜ ਬੈਠਣਗੇ। ਸਵਾਰਥ ਪਸੰਦ ਵਿਗੜੇ ਹੋਏ ਸਿਖ, ਅਗੋਂ ਇਹ ਹੁੱਜਤ ਕਰਦੇ ਹਨ ਕਿ ਦਾੜ੍ਹੀ ਚੜ੍ਹਾਉਣ ਵਿਚ ਪਰਮਾਰਥ ਕਿਵੇਂ ਵਿਗੜ ਜਾਂਦਾ ਹੈ ਪਰਮਾਰਥ ਦਾ ਸਨਬੰਧ ਤਾਂ ਮਨ ਦੇ ਨਾਲ ਹੈ। ਇਹੋ ਜਿਹੇ ਦਾੜ੍ਹੀ ਮੁੰਨੇ ਸਿੱਖ ਜਦੋਂ ਆਪਣੇ ਪੱਖ ਵਿਚ ਕੁਤਰਕ ਕਰਦੇ ਹਨ ਤਾਂ ਅਸੀਂ ਉਹਨਾਂ ਦਾੜ੍ਹੀ ਮੰਨਿਆਂ ਨੂੰ ਇਹ ਜਵਾਬ ਦੇ ਦਿਆ ਕਰਦੇ ਹਾਂ ਕਿ –

*ਕਬੀਰ ਮਨੁ ਮੂੰਡਿਆ ਨਹੀਂ ਕੇਸ ਮੁੰਡਾਏ ਕਾਂਇ॥*
*ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ॥੧੦੧॥*

ਤਿਸ ਪਰ ਮੂੰਹ ਸਿਰ ਮੁੰਨਣ ਹਾਰਿਆਂ ਨੂੰ ਹੋਰ ਤਾਂ ਉਤਰ ਫੁਰਦਾ ਨਹੀਂ ਪਰੰਤੂ ਅਗਲੇਰੇ ਵਾਕ ਦਾ ਆਸਰਾ ਲੈਂਦੇ ਹਨ –

*ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ॥੨੫॥*

ਇਸ ਗੁਰਵਾਕ ਪੰਗਤੀ ਦਾ ਅਸਲ ਭਾਵ ਉਹ ਜਾਣਦੇ

ਹੀ ਨਹੀਂ। ਤਤ ਭਾਵ ਇਹ ਹੈ ਲਾਂਬੇ ਕੇਸ ਕਰਨ ਦਾ ਜੋ ਜਟਾਧਾਰੀ ਆਨਮਤੀ ਲੋਗ ਕੁਦਰਤੀ ਕੇਸਾਂ ਵਿਚ ਭਸਮ ਰੁਮਾ ਰੁਮਾ ਕੇ ਮਸਨੂਈ (ਬਨਾਵਟ) ਤੌਰ ਪਰ ਜਟਾਂ ਵਧਾਉਂਦੇ ਹਨ ਉਹਨਾਂ ਜਟਾ ਧਾਰੀਆਂ ਦੇ ਬਨਾਵਟੀ ਤੌਰ ਤੇ ਜਟਾਂ ਵਧਾਉਣ ਵਾਲੇ ਮਨਮਤੀ ਆਸ਼ੇ ਨੂੰ ਖੰਡਣ ਕੀਤਾ ਗਿਆ ਹੈ ਅਤੇ ਇਹ ਗੱਲ ਸਪਸ਼ਟ ਸਮਝਾਈ ਗਈ ਹੈ ਕਿ ਇਸ ਬਿਧ ਬਨਾਵਟੀ ਤੌਰ ਪਰ ਵਾਲਾਂ ਨੂੰ ਵਧਾਉਣ ਅਤੇ ਮੁਨਾਉਣ ਵਾਲੀਆਂ ਦੋਵਾਂ ਵਾਦੀਆਂ ਨੂੰ ਛਡ ਦਿਓ। ਕੁਦਰਤੀ ਤੌਰ ਪਰ ਕੇਸ ਆਏ ਹਨ ਤੇ ਆਉਂਦੇ ਹਨ। ਉਵੇਂ ਅਤੇ ਓਥੇ ਹੀ ਉਨ੍ਹਾਂ ਨੂੰ ਰਹਿਣ ਦਿਓ। ਅਰਾਸਤਨ ਪੈਰਾਸਤਨ ਦੋਈ ਵਾਦੀਆਂ ਗੁਰਮਤਿ ਅੰਦਰ ਮਸਨੂਹ ਹਨ। ਇਸ ਉਤਰ ਨੂੰ ਸੁਣ ਕੇ ਮੂੰਹ ਸਿਰ ਮੁੰਨੇ ਲੋਗਾਂ ਦੇ ਮੂੰਹ ਨੂੰ ਤਾਂ ਜਿੰਦੇ ਲਗ ਜਾਂਦੇ ਹਨ ਤੇ ਉਹਨਾਂ ਨੂੰ ਕੋਈ ਅਗੋਂ ਉਤਰ ਦੇਣਾ ਫੁਰਦਾ ਹੀ ਨਹੀਂ।

ਪਰ ਅਸਾਡੇ ਦਾੜ੍ਹੀ ਚਾੜ੍ਹਨ ਵਾਲੇ ਭਰਾ ਖਾਸ ਕਰ ਠੋਡੀ ਦੀ ਗਲੂੰਡੀ ਕਰਕੇ ਰਖਣ ਹਾਰੇ ਮਨ ਹੁਜਤੀ ਸਿਖ ਭਾਈ ਕੇਵਲ ਏਹੋ ਹੁਜਤ ਅਗੋਂ ਡਾਹਿਆ ਕਰਦੇ ਹਨ ਕਿ ਸੀਸ ਦੇ ਕੇਸਾਂ ਦਾ ਭੀ ਜੂੜਾ ਕੀਤਾ ਜਾਂਦਾ ਹੈ, ਅਸੀਂ ਜੇ ਦਾੜ੍ਹੀ ਦੇ ਹੇਠਾਂ ਜੂੜਾ ਕਰ ਲਿਆ ਜਾਂ ਦਾੜ੍ਹੀ ਚੜ੍ਹਾ ਲਈ ਤਾਂ ਕੇਹੜਾ ਲੋਹੜਾ ਆ ਗਿਆ? ਇਸ ਦਾ ਉੱਤਰ ਏਤਨਾ ਕਾਫੀ ਹੈ ਕਿ ਗੁਰਸਿਖਾਂ ਨੇ ਦਸਮੇਸ਼ ਜੀ ਦੀ ਦ੍ਰਿੜਾਈ ਰਹਿਤ ਬਹਿਤ ਨੂੰ ਪਹਿਲੋਂ ਮੁਖ ਰਖਣਾ ਹੈ ਤੇ ਉਹਨਾਂ ਦੇ ਉਚਾਰੇ ਸ੍ਰੀ ਮੁਖਵਾਕ ਭੀ ਪਾਲਣੇ ਹਨ। ਐਸਾ ਕਿ ਮਹਾਂਵਾਕ ਹੈ –

ਕੰਘਾ ਦੋਨੋਂ ਵਕਤ ਕਰ ਪਾਗ ਚੁਨੈ ਕਰ ਬਾਂਧਈ॥

ਉਤੇ ਚੁਣ ਕੇ ਦਸਤਾਰ ਤਦੇ ਸਜਾਈ ਜਾ ਸਕਦੀ ਹੈ ਕਿ ਜੇਕਰ ਸੀਸ ਦੇ ਕੇਸਾਂ ਨੂੰ ਬਿਖਰਨੋਂ ਸੰਭਾਲ ਕੇ ਕੇਸਾਂ ਦਾ ਸੀਸ ਉਤੇ ਜੂੜਾ ਕੀਤਾ ਜਾਵੇ ਪਰੰਤੂ ਦਾੜ੍ਹੀ ਚਪਕੋਣ ਮਰੋੜਨ ਮਚਕੋੜਨ ਹਾਰਿਆਂ ਨੂੰ ਇਸ ਪਰਕਾਰ ਦੀ ਕੋਈ ਲੋੜ ਹੀ ਨਹੀਂ ਪੈਂਦੀ। ਦਾੜ੍ਹੀ ਤੇ ਠਾਠੀ ਬੰਨ੍ਹਕੇ ਜਾਂ ਜਾਲੀ ਬੰਨ੍ਹ ਕੇ ਦੀਵਾਨ ਵਿਚ ਔਣਾ ਹੋਰ ਭੀ ਭੈੜੀ ਮਨਮਤਿ ਹੈ। ਫੌਜ ਵਿਚ ਭੀ ਪੱਕੀ ਰਹਿਤ ਰੱਖਣ ਵਾਲੇ ਕਈ ਇਕ ਸ਼ਰਧਾਲੂ ਸਿੱਖ ਵੇਖਣ ਵਿਚ ਆਏ ਹਨ ਕਿ ਉਹ ਸਾਰੀ ਸਾਰੀ ਉਮਰ ਫੌਜ ਵਿਚ ਰਹਿੰਦਿਆਂ ਹੋਇਆਂ ਦਾੜ੍ਹੀ ਚਾੜ੍ਹਦੇ ਹੀ ਨਹੀਂ। ਫੌਜੀ ਸਿੰਘਾਂ ਲਈ ਇਹ ਕਾਨੂੰਨ ਮੰਨ ਲੈਣਾ ਭੀ ਮਹਾਂ ਮਨਮਤ ਹੈ ਕਿ ਫੌਜੀ ਸਿੰਘਾਂ ਲਈ ਦਾੜ੍ਹੀ ਚਾੜ੍ਹਨੀ ਜ਼ਰੂਰੀ ਹੈ। ਐਸਾ ਮੰਨ ਲੈਣਾ ਮਹਾਂ ਕਮਜ਼ੋਰੀ ਹੈ। ਕਮਜ਼ੋਰੀ ਐਸੀ ਵਾਪਰ ਗਈ ਹੈ ਕਿ ਫੌਜੀ ਸਿੰਘਾਂ ਦੀ ਵੇਖੋ ਵੇਖੀ ਦੂਜੇ ਮਹਿਕਮਿਆਂ ਦੇ ਸਿੱਖ ਭੀ ਆਪਣੀ ਦਾੜ੍ਹੀਆਂ ਚਾੜ੍ਹਨ ਲਗ ਪਏ ਹਨ। ਐਥੋਂ ਤਕ ਕਿ ਨਿਝੱਕ ਹੋ ਕੇ ਅਜ ਸਮੂਹ ਮਹਿਕਮਿਆਂ ਦੇ ਅਜੇਹੇ ਸਮੂਹ ਮੁਲਾਜ਼ਮ ਸਿੱਖ ਗੁਰੂ ਕੇ ਦੀਵਾਨਾਂ ਵਿਚ ਭੀ ਦਾੜ੍ਹੀਆਂ ਨਰੜ ਕੇ ਆਉਂਦੇ ਹਨ ਅਤੇ ਦਾੜ੍ਹੀਆਂ ਨਰੜ ਕੇ ਦੀਵਾਨਾਂ ਵਿਚ ਆਉਣ ਨੂੰ ਫਖਰ ਸਮਝਿਆ ਜਾਂਦਾ ਹੈ। ਤੁਸੀਂ ਅਜ ਕਲ ਗੁਰੂ ਕੇ ਦੀਵਾਨਾਂ ਵਿਚ ਵੇਖੋਗੇ ਕਿ ਕੋਈ ਅਜੇਹੇ ਵਿਰਲੇ ਵਾਂਝੇ ਸਿਖ ਹੀ ਹੁੰਦੇ ਹਨ ਕਿ ਜਿਨ੍ਹਾਂ ਦੇ ਗੁਰਮੁਖੀ ਦਾੜ੍ਹੇ ਹੁੰਦੇ ਹਨ। ਨਹੀਂ ਤੇ ਸਾਰਿਆਂ ਨੂੰ ਹੀ ਇਹ ਵਾਦੀ ਵਗੀ ਹੋਈ ਹੈ ਕਿ ਦਾੜ੍ਹੀਆਂ ਬੰਨ੍ਹ ਕੇ ਦੀਵਾਨਾਂ ਵਿਚ ਔਣਗੇ। ਦਾੜ੍ਹੇ ਨਰੜ ਕੇ ਦੀਵਾਨਾਂ ਵਿਚ ਔਣ ਤੋਂ ਕਦੇ ਭੀ ਨਹੀਂ ਝਿਜਕਣਗੇ। ਦਾੜ੍ਹੀ ਨਰੜਨ ਵਾਲੇ ਨਾਮ ਧਰੀਕ ਸਿਖਾਂ ਨੂੰ ਆਪਣੀ ਨਾਮ ਧਰੀਕ ਸਰਕਾਰ ਦਾ ਸਰਕਾਰੀ ਸਵਾਰਥੀ ਆਰਡਰ ਮੰਨਣਾ ਮੁੱਖ ਜਾਪਦਾ ਹੈ। ਸਚੀ ਸਰਕਾਰ ਦੇ ਸਚੇ ਹੁਕਮ ਨੂੰ ਤਾਂ ਹੀ ਤੇ ਉਹ ਪਿਠ ਦੇਈ ਫਿਰਦੇ ਹਨ। ਸਾਨੂੰ ਖਤਰਾ ਹੈ ਕਿ ਕਈ ਸਵਾਰਥੀ ਪੇਸ਼ਾ ਸਿਖੜਿਆਂ ਦੀ ਨੌਬਤ ਏਥੇ ਤਾਈਂ ਨਾ ਪੁਜ ਜਾਵੇ ਕਿ ਅਜ ਕਲ ਨਾਸਤਕ ਲਹਿਰ ਵਿਚ ਰੁੜ ਕੇ ਨਿਰ ਨਾਸਤਕ ਹੀ ਨਾ ਬਣ ਬੈਠਨ। ਕਿਤੇ ਦਾੜੀ ਕੇਸਾਂ ਨੂੰ ਜਵਾਬ ਹੀ ਨਾ ਦੇ ਦੇਣ ਜੈਸਾ ਕਿ ਅਨੇਕਾਂ ਅਹੁੱਦੇ ਦੇ ਗਾਹਕ ਮੁਲਾਜ਼ਮਾਂ ਸਰਕਾਰੀ ਅਫਸਰਾਂ ਖਾਸ ਕਰ ਫੌਜੀ ਅਹੁਦੇਦਾਰਾਂ ਪ੍ਰਥਾਇ ਸੁਣਿਆ ਗਿਆ ਹੈ ਕਿ ਉਹ ਕੂੜਾਵੇ ਅਹੁਦਿਆਂ ਦੀ ਖਾਤਰ ਦਾੜੀ ਕੇਸ ਮੁਨਾਈ ਫਿਰਦੇ ਹਨ। ਕੂੜਾਵੀਆਂ ਕਪਤਾਨੀਆਂ, ਕਰਨੈਲੀਆਂ ਜਰਨੈਲੀਆਂ ਉਹਨਾਂ ਦੇ ਕਿਸੇ ਕੰਮ ਨਹੀਂ ਆਉਣੀਆਂ ਐਥੇ ਹੀ ਰਹਿ ਜਾਣਗੀਆਂ। ਗੁਰੂ ਕੀ ਦਰਗਾਹ ਵਿਚ ਉਹਨਾਂ ਨੂੰ ਐਸੇ ਧਕੇ ਪੈਣਗੇ ਕਿ ਕਿਸੇ ਕੂੜਾਈ ਸਰਕਾਰ ਦਿਆਂ ਅਫਸਰਾਂ ਨੇ ਓਥੇ ਕੰਮ ਨਹੀਂ ਸਾਰਨਾ, ਪਛਤੌਣਾ ਹੀ ਪਛਤੌਣਾ ਰਹਿ ਜਾਵੇਗਾ।

ਅਸਾਡਾ ਇਹ ਹਰਗਿਜ਼ ਯਕੀਨ ਨਹੀਂ ਕਿ ਹਰ ਪਰਕਾਰ ਦੇ ਦਾੜੀ ਚਾੜਨ ਹਾਰੇ ਸਿਖਾਂ ਦਾ ਸੁਪਨ ਮਾਤਰ"ਵਿਚ ਵੀ ਐਸਾ ਖਿਆਲ ਹੈ। ਬਲਕਿ ਉਹਨਾਂ ਨੂੰ ਦਾੜ੍ਹੀ ਕੇਸਾਂ ਦੀ ਰੱਖਿਆ ਦਾ ਪੱਕਾ ਯਕੀਨ ਹੈ, ਉਹਨਾਂ ਨੂੰ ਦਾੜੀ ਮਰੋੜਨ ਮਚਕੋੜਨ ਦਾ ਦੇਖਾ ਦੇਖੀ ਰਿਵਾਜ ਪਿਆ ਹੋਇਆ ਹੈ। ਪਰੰਤੂ ਇਹ ਐਸਾ ਭੈੜਾ ਰਿਵਾਜ ਪਿਆ ਹੈ ਕਿ ਦਿਨੋਂ ਦਿਨ ਵਧਦਾ ਹੀ ਜਾਂਦਾ ਹੈ ਏਥੋਂ ਤਾਈਂ ਕਿ ਕਿਸੇ ਭੀ ਮਹਿਕਮੇ ਦਾ ਕੋਈ ਐਸਾ ਨਜ਼ਰ ਨਹੀਂ ਆਉਂਦਾ ਜੇ ਕਿ ਦਾੜ੍ਹੀ ਨਾ ਨਰੜਦਾ ਹੋਵੇ। ਸਾਨੂੰ ਬੜੇ ਅਫਸੋਸ ਨਾਲ ਇਹ ਗਲ ਕਹਿਣੀ ਪੈਂਦੀ ਹੈ ਕਿ ਕਈ ਇਕ ਐਸੇ ਸਿਖ ਭੀ ਹਨ ਕਿ ਜਿਹਨਾਂ ਦੀਆਂ ਜਨਾਨੀਆਂ ਨੂੰ ਆਪਣੇ ਪਤੀਆਂ

ਦੀਆਂ ਚੜ੍ਹੀਆਂ ਦਾੜ੍ਹੀਆਂ ਹੀ ਚੰਗੀਆਂ ਲਗਦੀਆਂ ਹਨ।

ਜਥੇ ਵਿਚ ਐਸੇ ਕੇਸ ਭੀ ਪੇਸ਼ ਹੋਏ ਹਨ ਕਿ ਸਿੰਘਾਂ ਨੂੰ ਜਦੋਂ ਪੁਛਿਆ ਗਿਆ ਕਿ ਤੁਸੀਂ ਅਪਣੀਆਂ ਜਨਾਨੀਆਂ ਨੂੰ ਘਰ ਕਿਉਂ ਨਹੀਂ ਵਸਾਉਂਦੇ। ਤਾਂ ਓਹਨਾਂ ਨੇ ਸਪਸ਼ਟ ਉੱਤਰ ਦਿੱਤਾ ਕਿ ਉਹਨਾਂ ਦੀਆਂ ਜਨਾਨੀਆਂ ਇਹ ਚਾਹੁੰਦੀਆਂ ਹਨ ਕਿ ਕਾਲੇ ਵਾਲਾਂ ਨੂੰ ਘਰੜ ਮੁਨਾ ਦੇਣ ਤਾਂ ਅਸੀਂ ਓਹਨਾਂ ਦੇ ਵਸਾਂਗੀਆਂ, ਪਰੰਤੂ ਤਿਨਾਂ ਸਿਦਕੀ ਸਿੰਘਾਂ ਨੂੰ ਇਹ ਮਨਜ਼ੂਰ ਨਹੀਂ ਸੀ। ਕਿ ਆਪਣੀਆਂ ਕੁਵੱਲੀਆਂ (ਬੋਧਿਆਂ) ਇਸਤਰੀਆਂ ਦੇ ਗੁਰਮਤਿ ਹੀਣੇ ਤੇ ਮਨਮਤ ਭਰੇ ਇਸ ਹੁਕਮ ਨੂੰ ਮੰਨਣ, ਤਾਂ ਤੇ ਤਿਨ੍ਹਾਂ ਦਾ ਤਿਆਗ ਹੀ ਓਹਨਾਂ ਨੂੰ ਭਲਾ ਜਾਪਿਆ। ਪੜਤਾਲ ਕਰਨ ਤੋਂ ਪਤਾ ਲਗਾ ਕਿ ਕਈਆਂ ਨੇ ਆਪਣੇ ਕਾਲੇ ਵਾਲ ਪੁੱਟ ਕੇ ਸਾਫ ਕਰ ਛਡੇ ਸਨ। ਕਈ ਨਾਮ ਧਰੀਕ ਸਿੱਖ ਸਿੱਖਣੀਆਂ ਇੰਦਰ ਬਾਗ ਵਾਲੇ ਰੋਮਾਂ ਨੂੰ ਉਡਾ ਦੇਣਾ ਅਤੇ ਘਰੜ ਮੁਨਾ ਦੇਣਾ ਮਨਮਤ ਹੀ ਨਹੀਂ ਸਮਝਦੇ। ਜੋ ਕੱਚ ਘਰੜ ਸਿਖ ਕੇਵਲ ਮਨਮੰਨੀ ਸਰੀਰਕ ਸੁਹੱਪਣ ਖਾਤਰ ਦਾੜ੍ਹੀਆਂ ਦੀ ਬੇਅਦਬੀ ਕਰਦੇ ਹਨ, ਉਹ ਮਹਾਂ ਮਨ ਮਤੀਏ ਹਨ ਦਾੜ੍ਹੀਆਂ ਸੋਹਣੀਆਂ ਲਗਣ ਲਈ ਚੜਾਉਣਾ ਮਰੋੜਨਾ ਮਚਕੋੜਨਾ ਭਾਰੀ ਮਨਮਤਿ ਹੈ।

***ਸੋ ਸਿਖੁ ਸਖਾ ਬੰਧਪੁ ਹੈ ਭਾਈ***
***ਜਿ ਗੁਰ ਕੇ ਭਾਣੇ ਵਿਚਿ ਆਵੈ।***
***ਆਪਣੈ ਭਾਣੈ ਜੋ ਚਲੈ ਭਾਈ***
***ਵਿਛੁੜਿ ਚੋਟਾ ਖਾਵੈ।***

ਗੁਰਵਾਕ ਦੇ ਭਾਵ ਅਨੁਸਾਰ ਨਿਤ ਨਵੇਂ ਦਿਨ ਅਤੇ ਨਵੇਂ ਸਿਰੇ ਦਾੜ੍ਹੀਆਂ ਬੰਨਣ ਵਾਲੇ ਪ੍ਰਾਣੀ ਵਾਹਿਗੁਰੂ ਦਾ ਭਾਣਾ ਛਡਕੇ, ਨਿਰਾ ਆਪਣੇ ਮਨ ਦਾ ਮਤਾ ਮੰਨ ਕੇ ਚਲਣ ਹਾਰੇ ਮਨਮੁਖ ਵਿਛੁੜਿ ਚੋਟਾਂ ਖਾਵਣ ਹਾਰ ਪ੍ਰਾਣੀ ਹਨ। ਜੋ ਸਚਿਆਰ ਸਿਖ ਗੁਰੂ ਵਾਹਿਗੁਰੂ ਦਾ ਭਾਣਾ ਸਤਿ ਸਤਿ ਕਰਕੇ ਮੰਨਦੇ ਹਨ ਉਹ ਕਦੇ ਭੀ ਵਾਹਿਗੁਰੂ ਦੇ ਭਾਣੇ ਤੋਂ ਉਲਟ ਦਾੜ੍ਹੀਆਂ ਕੇਸਾਂ ਦਾ ਮੁੰਡਣ ਨਹੀਂ ਕਰਾਉਂਦੇ।

ਓਹੀ ਗੁਰੂ ਕੇ ਸੇਵਕ ਸਿਖ ਹਨ ਜੋ ਗੁਰਬਾਣੀ ਰਾਹੀਂ ਆਇਆ ਹਰ ਇਕ ਹੁਕਮ ਸਤਿ ਸਤਿ ਕਰ ਮੰਨਦੇ ਹਨ। ਖਿਨ ਖਿਨ ਸਵਾਸਿ ਸਵਾਸਿ ਨਾਮ ਅਭਿਆਸ ਸਿਮਰਨ ਕਰਨਾ ਖਾਸ ਮਖਸੂਸੀ ਗੁਰੂ ਵਾਹਿਗੁਰੂ ਨੂੰ ਦਿਨੇ ਰਾਤਿ ਸੇਵਨਾ ਹੈ। ਇਸ ਪਰਕਾਰ ਸੇਵਨ ਹਾਰ ਗੁਰੂ ਕੇ ਸਿਖ ਦਿਨੋ ਰਾਤ ਅਨੰਦ ਵਿਗਾਸ ਵਿਚ ਹੀ ਰਹਿੰਦੇ ਹਨ। ਸਚੀਆਂ ਗੁਰਮੁਖੀ ਦਾੜ੍ਹੀਆਂ ਵਾਲੇ ਗੁਰੂ ਨਾਨਕ ਸਾਹਿਬ ਦੇ ਘਰ ਦੇ ਲਾਲ ਹੀ ਸੋਹਣੇ ਮੁਖੜੇ ਵਾਲੇ ਹਨ, ਅਜਿਹੇ ਗੁਰੂ ਕੇ ਲਾਲ ਸਚੇ ਵਾਹਿਗੁਰੂ ਦੀ ਦਰਗਾਹ ਵਿਖੇ ਪਰਗਟ ਪਹਾਰੇ ਗੁਰਮੁਖ ਜਾਪਦੇ ਹਨ। ਉਹਨਾਂ ਦੇ ਚੇਹਰੇ ਉਤੇ ਸਚੀਆਂ ਗੁਰਮੁਖੀ ਦਾੜ੍ਹੀਆਂ ਸੋਹੰਦੀਆਂ ਹਨ ਅਤੇ ਮੁਖੋਂ ਸਚੇ ਵਾਹਿਗੁਰੂ ਦਾ ਸਚਾ ਨਾਮੁ ਖਿਨੁ ਖਿਨੁ ਉਚਾਰਨ ਕਰਦੇ ਰਹਿੰਦੇ ਹਨ। ਤਿਨ੍ਹਾਂ ਦੇ ਗੁਰਮੁਖੀ ਮੁਖਾਰਬਿੰਦ ਵਿਚੋਂ ਸਚੇ ਨਾਮ ਦਾ ਅਕਸੀਰ ਰਸੈਣੀ ਸਿਮਰਨ ਵੀ ਸਵਾਸ ਸਵਾਸਿ ਉਚਾਰਨ ਹੁੰਦਾ ਰਹਿੰਦਾ ਹੈ। ਉਹ ਹਰ ਦਮ ਸਚੇ ਨਾਮ ਦੀਆਂ ਅਭਿਆਸ ਕਮਾਈਆਂ ਕਰਦੇ ਰਹਿੰਦੇ ਹਨ। ਉਹਨਾਂ ਦੇ ਹਿਰਦੇ ਅੰਦਰ ਗੁਰਮਤਿ ਰੂਪੀ ਸਚਾ ਵਾਹਿਗੁਰੂ ਸ਼ਬਦ ਹੀ ਵਸਿਆ ਰਹਿੰਦਾ ਹੈ ਜਿਸ ਸ਼ਬਦ ਗੁਰਮੰਤਰ ਦੇ ਖਿਨ ਖਿਨ ਅੰਦਰਿ ਰਮੇ ਰਹਿਣ ਕਰਕੇ ਉਹ ਸਦਾ ਸਤਿਗੁਰੂ ਗੁਰੂ ਵਾਹਿਗੁਰੂ ਦੇ ਸਚੇ ਸਰੂਪ ਵਿਖੇ ਹੀ ਸਮਾਏ ਰਹਿੰਦੇ ਹਨ। ਸਚੇ ਨਾਮ ਦੀ ਪੂੰਜੀ ਦੇ ਸਚੇ ਗਾਹਕ ਹੋਣ ਕਰਕੇ ਉਹ ਸਚੀ ਰਾਸੀ ਵਾਲੇ ਸਦਾਉਂਦੇ ਹਨ, ਸਚਾ ਨਾਮ ਰੂਪੀ ਧਨ ਹੀ ਉਹਨਾਂ ਦੇ ਪੱਲੇ ਪਿਆ ਰਹਿੰਦਾ ਹੈ। ਇਸ ਕਰਕੇ ਗੁਰੂ ਘਰ ਦੇ ਗੁਰਮੁਖੀ ਦਾੜ੍ਹੀਆਂ ਵਾਲੇ ਗੁਰਮੁਖ ਜਨ ਉੱਤਮ ਪਦਵੀ ਪਾਉਣ ਵਾਲੇ ਹਨ।ਉਹਨਾਂ ਦੇ ਸਰਵਣ (ਕੰਨਾਂ) ਅੰਦਰਿ ਸਚੇ ਨਾਮ ਦੀ ਧੁਨੀ ਹੀ ਖਿਨ ਖਿਨ ਪੈਂਦੀ ਸੁਣਾਈ ਦੇਂਦੀ ਹੈ ਕਿਉਂਕਿ ਮਨ ਬਚਨ ਕਰਮ ਕਰਕੇ ਉਹਨਾਂ ਦੀ ਸਰਧਾ ਅੰਤਰੀਵੀ ਸਿਦਕ ਭਾਵਣੀ ਨਾਮ ਸਿਮਰਨ ਵਿਖੇ ਹੀ ਜੰਮੀ ਰਹਿੰਦੀ ਹੈ। ਇਸ ਕਰਕੇ ਉਹ ਨਾਮ ਜਪਣ ਵਾਲੀ ਹੀ ਸਚੀ ਕਾਰ ਕਮਾਉਂਦੇ ਰਹਿੰਦੇ ਹਨ। ਤਿਨ੍ਹਾਂ ਗੁਰਮੁਖ ਜਨਾਂ ਦਾ ਹੀ ਵਾਹਿਗੁਰੂ ਦੀ ਸਚੀ ਦਰਗਾਹ ਵਿਚ ਸੁਸ਼ੋਭਤ ਹੋਣਾ ਸੋਹੰਦਾ ਹੈ ਅਤੇ ਸਚੇ ਵਾਹਿਗੁਰੂ ਦੇ ਸਰੂਪ ਵਿਚ ਕੇਵਲ ਤਿਨ੍ਹਾਂ ਗੁਰਮੁਖ ਜਨਾਂ ਦੀ ਹੀ ਸਮਾਈ ਹੁੰਦੀ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਸਚੇ ਸਤਿਗੁਰੂ ਬਾਝੋਂ ਅਜੇਹਾ ਸਚਾ ਨਾਮ ਵਾਹਿਗੁਰੂ ਕਦੇ ਭੀ ਪ੍ਰਾਪਤ ਨਹੀਂ ਹੁੰਦਾ ਜੋ ਮਨਮੁਖ ਲੋਗ ਗੁਰੂ ਵਾਹਿਗੁਰੂ ਦੇ ਗੁਰਬਾਣੀ ਅੰਦਰ ਦਿੱਤੇ ਗਏ ਹੁਕਮਾਂ ਤੋਂ ਮੁਨਹਰਫ ਰਹਿੰਦੇ ਹਨ, ਉਹ ਸਦਾ ਹੀ ਭਰਮ ਜਾਲ ਵਿਚ ਫਸੇ ਹੋਏ ਭੁਲੇ ਹੀ ਰਹਿੰਦੇ ਹਨ ਅਤੇ ਭਰਮ ਭੁਲੇ ਹੀ ਚਲੇ ਜਾਂਦੇ ਹਨ।

ਏਹ ਇਬਾਰਤ ਉਪਰਲੇ ਮੁਢ ਵਿਚ ਦਿਤੇ ਗੁਰ ਸ਼ਬਦ ਦੀ ਤੱਤ ਵਿਆਖਿਆ ਹੈ। ਸਾਰੇ ਸ਼ਬਦ ਦਾ ਭਾਵ ਏਹੋ ਹੀ ਹੈ ਕਿ ਗੁਰਮੁਖੀ ਖੁਲ੍ਹੀਆਂ ਦਾੜੀਆਂ ਵਾਲੇ ਗੁਰਮੁਖਾਂ ਦੀ ਕੀਤੀ ਕਮਾਈ ਹੀ ਸਫਲ ਹੁੰਦੀ ਹੈ। ਉਹੀ ਲੋਕ ਪਰਲੋਕ ਵਿਚ ਸੁਰਖਰੂ ਹੋ ਸਕਦੇ ਹਨ।

## ਦਾੜ੍ਹੇ ਦੀ ਬੇਅਦਬੀ ਦੇ ਕਾਰਨ

ਤੱਤ ਗੁਰਮਤ ਤੋਂ ਗੁਮਰਾਹ ਜੋ ਸੁਆਰਥੀ ਕਾਰਜ ਦੀ ਕਨੌੜ ਕਰਕੇ ਆਪਣੀਆਂ ਦਾੜੀਆਂ ਮਰੋੜਦੇ ਮਚਕੋੜਦੇ ਹਨ ਓਹਨਾਂ ਬਾਰੇ ਭਾਰੀ ਖਤਰਾ ਹੈ ਕਿ ਕਿਸੇ ਦਿਨ ਉਹ ਚੱਟਮ

ਦਾੜੀਆਂ ਕਰਕੇ ਗੁਰ ਸਿੱਖੀ ਤੋਂ ਪਤਿਤ ਅਤੇ ਮੁਨਹਰਫ ਹੀ ਨਾ ਹੋ ਬੈਠਣ। ਅਜੇਹੇ ਸੁਆਰਥੀ ਕੰਮ ਕੱਢੂ ਦਾੜੀ ਮਰੋੜਾਂ ਮਚਕੋੜਾਂ ਨੂੰ ਨੰਬਰਵਾਰ ਹੇਠ ਲਿਖੇ ਅਨੁਸਾਰ ਵਖੋ ਵਖ ਸ਼੍ਰੇਣੀਆਂ ਵਿਚ ਵਰਣਨ ਕੀਤਾ ਜਾਂਦਾ ਹੈ –

੧. ਸਭ ਤੋਂ ਪਹਿਲੇ ਉਹਨਾਂ ਭੇਖੀਆਂ ਦਾ ਜ਼ਿਕਰ ਕਰਨਾ ਅਹਿਮ ਜ਼ਰੂਰੀ ਹੈ ਜੋ ਵਿਆਹ (ਸ਼ਾਦੀ) ਕਰਾਉਣ ਦੀ ਖਾਤਰ ਦਾੜੀਆਂ ਚਾੜਦੇ ਹਨ। ਉਹਨਾਂ ਦੇ ਖਿਆਲ ਵਿਚ ਇਹ ਗਲ ਜੰਮੀ ਹੋਈ ਹੈ ਕਿ ਦਾੜੀ ਚਾੜ੍ਹੇ ਬਿਨਾਂ ਵਿਆਹ ਮੰਗਣੀ ਹੁੰਦੀ ਹੀ ਨਹੀਂ। ਕਈ ਇਕ ਐਸੇ ਤੇ ਭੇਖੀ ਦੇਖੇ ਹਨ ਜਿਨ੍ਹਾਂ ਨੂੰ ਏਸੇ ਵਿਆਹ ਵਾਲੀ ਕਨੌੜ ਨਮਿਤ ਦਾੜੀ ਚਾੜ੍ਹਦਿਆਂ ਸਾਲਾਂ ਦੇ ਸਾਲ ਗੁਜ਼ਰ ਗਏ, ਪਰ ਮੰਗਣੀ ਵਿਆਹ ਤਾਂ ਕੁਝ ਭੀ ਨਹੀਂ ਹੋ ਸਕਿਆ ਉਲਟਾ ਉਹਨਾਂ ਦੀਆਂ ਬੰਨ੍ਹੀਆਂ ਦਾੜ੍ਹੀਆਂ ਹੋਰ ਭੀ ਲੰਬੀਆਂ ਹੋ ਗਈਆਂ ਉਹ ਵਿਚਾਰੇ ਕਰਨ ਤਾਂ ਕੀ ਕਰਨ। ਜਿਥੇ ਲੰਬੀ ਦਾੜ੍ਹੀ ਹੋਣ ਦੇ ਖਤਰੇ ਕਰਕੇ ਉਹਨਾਂ ਦਾੜ੍ਹੀਆਂ ਚਾੜ੍ਹਨੀਆਂ ਸ਼ੁਰੂ ਕੀਤੀਆਂ ਸੀ ਉਹ ਖਤਰਾ ਉਹਨਾਂ ਦੇ ਐਸਾ ਦਰਪੇਸ਼ ਆਇਆ ਕਿ ਦਾੜ੍ਹੀਆਂ ਉਹਨਾਂ ਦੀਆਂ ਅਗੇ ਨਾਲੋਂ ਭੀ ਲੰਮੀਆਂ ਹੋ ਗਈਆਂ ਕਿਉਂਕਿ ਸੰਵਾਰਨ ਸ਼ਿੰਗਾਰਨ ਦੀ ਕੁਮਤੜੀ ਵਿਚ ਹੀ ਪਏ ਰਹਿੰਦੇ ਹਨ। ਕਈਆਂ ਦੇ ਹੀਰੇ ਧੌਲੇ ਜਾਂ ਸਫੇਦ ਭੀ ਦਾੜ੍ਹੀ ਵਿਚ ਆ ਜਾਂਦੇ ਹਨ, ਜਿਨ੍ਹਾਂ ਨੂੰ ਚੁਗਣ ਚੁਣਨ ਤੋਂ ਭੀ ਉਹ ਭੈ ਨਹੀਂ ਖਾਂਦੇ। ਕਈ ਤਾਂ ਮੂੰਹ ਉਤੇ ਗੋਹਾ (ਵਸਮਾਂ) ਲਾ ਲੈਂਦੇ ਹਨ, ਤਾਂਕਿ ਉਹ ਮੁੰਡੇ ਹੀ ਪ੍ਰਤੀਤ ਹੋਣ ਤੇ ਕਿਸੇ ਦੀ ਕੁੜੀ ਉਹਨਾਂ ਦੇ ਜਾਲ ਵਿਚ ਫਸ ਜਾਵੇ। ਜਿਨ੍ਹਾਂ ਨੂੰ ਸਤਿਗੁਰੂ ਨੇ ਸ਼ਰਧਾ ਸਿਦਕ ਭਾਵਨੀ ਦਿਤੀ ਹੋਈ ਹੈ, ਉਹ ਕਦੇ ਵੀ ਇਹਨਾਂ ਕੁਬਿਧਤਾਂ ਵਿਚ ਨਹੀਂ ਪੈਂਦੇ। ਸਾਨੂੰ ਇਥੇ ਇਕ ਸਿਦਕੀ ਸਰਧਾਵਾਨ ਸਿੰਘ ਦੀ ਉਦਾਹਰਨ ਚੇਤੇ ਆਈ ਹੈ, ਜਿਸ ਦਾ ਇੰਨ ਬਿੰਨ ਏਥੇ ਲਿਖਣਾ ਪਰਮ ਜ਼ਰੂਰੀ ਭਾਸਦਾ ਹੈ। ਇਕ ਗੁਰੂ ਕੀ ਰਹਿਤ ਰਹਿਣੀ ਬਹਿਣੀ ਵਾਲੇ ਸਿਦਕੀ ਸਿੰਘ ਪਰਮ ਸ਼ਰਧਾਵਾਨ ਦੇ ਘਰੋਂ ਸਿੰਘਣੀ ਗੁਜਰ ਗਈ। ਉਸ ਨੂੰ ਉਸ ਦੇ ਸਬੰਧੀਆਂ ਨੇ ਪਰੇਰ ਕੇ ਦੂਜੀ ਸ਼ਾਦੀ ਲਈ ਉਭਾਰ ਲਿਆ ਅਤੇ ਨਾਤਾ ਭੀ ਕਿਤੋਂ ਲਿਆ ਦਿੱਤਾ। ਜਦ ਨਾਤਾ ਹੋ ਚੁੱਕਿਆ ਤਾਂ ਨਿਕਟ ਵਰਤੀ ਸੰਸਾਰੀ ਲੋਕ ਉਸ ਸਿਦਕਵਾਨ ਸਿੰਘ ਨੂੰ ਐਉਂ ਪ੍ਰੇਰਨ ਲਗੈ ਕਿ ਯਾ ਤਾਂ ਦਾੜ੍ਹੀ ਤੇ ਵਸਮਾਂ ਲਾ ਲਵੇ ਯਾ ਧੌਲੇ ਚੁਗਾ ਲਵੋ। ਉਸ ਸ਼ਰਧਾਵਾਨ ਸਿੰਘ ਨੇ ਇਹ ਉਤਰ ਦੇ ਕੇ ਸਭ ਦੇ ਮੂੰਹ ਤੇ ਚਪੇੜ ਲਾਈ ਕਿ ਮੈਨੂੰ ਐਸਾ ਨਾਤਾ ਲੈਣ ਦੀ ਕੋਈ ਲੋੜ ਨਹੀਂ, ਜਿਸ ਦੇ ਕਾਰਨ ਮੈਨੂੰ ਮੂੰਹ ਕਾਲਾ ਕਰਨਾ ਪਵੇ। ਮੂੰਹ ਕਾਲਾ ਕਰਾ ਕੇ (ਵਸਮਾਂ ਲਵਾ ਕੇ) ਫੇਰ ਤੁਸੀਂ ਦਾੜੀ ਨਰੜਨ ਲਈ ਕਹੋਗੇ ਦੂਜੀ ਗਲ ਤੁਸੀਂ ਜੋ ਧੌਲੇ ਚੁਗਾਉਣ ਵਾਲੀ ਗੱਲ ਆਖੀ ਹੈ, ਇਹ ਨਿਰੀ ਗੁਰਮਤ ਤੋਂ ਹੀਣੀ ਮਨਮਤ ਵਾਲੀ ਗੱਲ ਹੈ ਗੁਰਮਤ ਇਹ ਦ੍ਰਿੜਾਉਂਦੀ ਹੈ ਕਿ ਇਹ ਧੌਲੇ ਨਹੀਂ ਬਲਕਿ ਹੀਰੇ ਹਨ। ਕੌਡੀਆਂ ਦੇ ਵਪਾਰ ਲਈ ਇਹਨਾਂ ਨੂੰ ਵੇਚ ਦੇਵਾਂ? ਅਸਾਡੇ ਸਾਹਮਣੇ ਦੀ ਗਲ ਹੈ ਕਿ ਕਈਆਂ ਮਨਮਤੀਆਂ ਅਤੇ ਮਨਮਤਣਾਂ ਨੇ ਬਥੇਰਾ ਜ਼ੋਰ ਲਾਇਆ ਕਿ ਉਸ ਸੱਜਣ ਨੂੰ ਗੁਰਮਤ ਭਿੰਨੀ ਸਰਧਾ ਸਿਦਕ ਭਾਵਨੀ ਤੋਂ ਗੇਰ ਦੇਣ। ਪਰ ਉਹ ਗੁਰੂ ਕਾ ਲਾਲ ਐਸੀ ਸ਼ੁਭ ਅਤੇ ਸੁੰਦਰ ਭਾਵਨਾ ਵਾਲਾ ਨਿਕਲਿਆ ਕਿ ਉਸ ਨੇ ਕਿਸੇ ਦੀ ਕੁਝ ਨਹੀਂ ਮੰਨੀ। ਸੋਹਣੇ ਗੁਰਮੁਖੀ ਦਾੜੇ ਸਮੇਤ ਅਨੰਦ ਕਾਰਜ ਉਸ ਨੇ ਕਰਵਾਇਆ ਜਿਸ ਵਿਚ ਹੀਰੇ ਆਏ ਹੋਏ ਸਨ ਉਹ ਉਸੇ ਤਰਾਂ ਕਾਇਮ ਦਾਇਮ ਰਹੇ। ਅਸੀਂ ਖੁਦ ਉਸ ਅਨੰਦ ਕਾਰਜ ਵਿਚ ਸ਼ਾਮਲ ਸਾਂ। ਬੜੀਆਂ ਚੜਦੀਆਂ ਕਲਾਂ ਵਿਚ ਉਸ ਸਜਣ ਦਾ ਸਾਬਤ ਸੂਰਤੀ ਹੀਰੇ ਮੂਰਤੀ ਦਾੜੇ ਸੰਜੁਗਤ ਅਨੰਦ ਕਾਰਜ ਹੋਇਆ, ਜੋ ਅਜ ਤਾਈਂ ਬੜੇ ਅਨੰਦ ਮਗਨਤਾ ਸਹਿਤ ਦ੍ਰਿੜ ਹਨ। ਵਾਰਨੇ ਬਲਿਹਾਰਨੇ ਜਾਈਏ ਅਜਿਹੇ ਗੁਰੂ ਦੇ ਸੁੰਦਰ ਭਾਵਨਾ ਵਾਲੇ ਸਿੰਘਾਂ ਤਾਈਂ। ਤਾਂ ਤੇ ਜੋ ਅਨਮਤ ਗ੍ਰਸੇ ਦਾੜੀ ਚਾੜੇ, ਦਾੜੀ ਨਰੜ ਪੁਰਸ਼ ਵਿਆਹ ਨਾਤਿਆਂ ਕਾਰਨ ਦਾੜੀਆਂ ਚਾੜਦੇ ਸੰਵਾਰਦੇ ਸੁੰਗਾੜਦੇ ਹਨ ਓੜਕ ਐਵੇਂ ਹੀ ਰਹਿ ਜਾਂਦੇ ਹਨ। ਅਜਿਹੇ ਢੀਠ ਪੁਰਸ਼ ਹੀ ਹਨ ਜੋ ਦਾੜੀ ਨਰੜ ਕੁਮਤੜੀ ਨੂੰ ਹੀ ਆਪਣੀ ਮਨ ਦੀ ਮਤੜੀ ਅਨੁਸਾਰ ਅਸਲ ਤੇ ਪਰਮ ਗੁਰਮਤ ਸਮਝਦੇ ਤੇ ਜਣਾਉਂਦੇ ਹਨ। ਵਾਸਤਵ ਵਿਚ ਉਹ ਪਰਮ ਪੁਰਸ਼ ਮੂੰਹ ਉਤੇ ਸੱਟਾਂ ਖਾਣਗੇ ਜੋ ਸਿੱਖ ਸਦਵਾ ਕੇ ਭੀ ਮੂੰਹ ਆਈਆਂ ਦਾੜੇ ਨਰੜ ਤੇ ਹੀਰੇ ਘਰੜ ਕੁਮਤੜੀਆਂ ਤੋਂ ਨਹੀਂ ਟਲਦੇ।

(੨.) ਦੂਜੇ ਦਾੜੀ ਨਰੜਣ ਵਾਲੇ ਸੁਆਰਥੀ ਪੁਰਸ਼ ਉਹ ਹਨ ਜੋ ਸਿਰਫ ਨੌਕਰੀ ਦੀ ਖੁਸ਼ਾਮਦ ਕਰਕੇ ਦਾੜੀ ਨਰੜਦੇ ਹਨ। ਅਜੇਹੇ ਨੌਕਰੀ ਦੇ ਖੁਸ਼ਾਮਦੀਆਂ ਦੀ ਸਰਧਾ ਸਿਦਕ ਭਰੀ ਸਿਖੀ ਭੀ ਬੜੇ ਖਤਰੇ ਵਿਚ ਹੈ।

(੩.) ਤੀਜੀ ਸ਼੍ਰੇਣੀ ਦੇ ਅਜੇਹੇ ਕਮਜ਼ੋਰ ਖਿਆਲਾਂ ਵਾਲੇ ਸਿਖੜੇ ਭੀ ਹਨ ਜੋ ਕੇਵਲ ਲਾਜ ਦੇ ਕਾਰਨ ਜਦੋਂ ਆਪੋ ਆਪਣੇ ਮਹਿਕਮਿਆਂ ਵਿਚ ਜਾਂਦੇ ਹਨ ਓਦੋਂ ਤਾਂ ਦਾੜੀ ਚੀਰ ਕੇ ਦੋ ਫਾੜ ਕਰਕੇ ਚੜ੍ਹਾ ਲੈਂਦੇ ਹਨ, ਪਰ ਜਦੋਂ ਗੁਰੂ ਦੀਆਂ ਸੰਗਤਾਂ ਵਿਚ ਆਉਂਦੇ ਹਨ ਓਦੋਂ ਦਾੜਾ ਸਿੱਧਾ ਗੁਰਮੁਖੀ ਕਰ ਲੈਂਦੇ ਹਨ। ਇਕ ਪਰੋਫੈਸਰ ਪੇਸ਼ੇ ਵਾਲਾ ਸਿੰਘ ਦਾੜੀ ਚਾੜ ਕੇ ਕੀਰਤਨ ਕਰਨ ਲੱਗਾ ਪਰ ਅਸੀਂ ਉਸ ਨੂੰ ਬਾਜੇ ਉਤੇ ਨਾ ਬੈਠਣ ਦਿੱਤਾ ਕਿ ਦਾੜੀ ਖੋਲ੍ਹ ਕੇ ਬੈਠ। ਉਸ ਬੜੀ ਘਿਗਿਆ ਕੇ ਬੇਨਤੀ ਕੀਤੀ ਕਿ ਘਟ ਤੋਂ ਘਟ ਇਸ ਸ਼ਹਿਰ ਵਿਖੇ, ਜਿਥੇ ਕਿ ਮੈ ਪ੍ਰੋਫੈਸਰ ਹਾਂ ਮੈਨੂੰ ਦਾੜ੍ਹੀ ਚਾੜ ਕੇ ਹੀ ਕੀਰਤਨ ਦੀ ਆਗਿਆ ਮਿਲ ਜਾਵੇ। ਅਸੀ ਬਿਲਬਲਾ ਨਾ ਮਨਜ਼ੂਰ ਕੀਤਾ। ਵਿਚੋਂ ਇਹ ਗੱਲ ਨਿਕਲੀ ਕਿ ਉਸ ਕਾਲਜ ਦੇ ਮੁੰਡੇ, ਜਿਥੇ ਉਹ ਪ੍ਰੋਫੈਸਰ ਲੱਗਾ ਹੋਇਆ

ਸੀ ਜਦੋਂ ਉਹ ਆਪ ਹੀ ਮੋਹਣਾ ਮਾਰਦੇ ਸਨ ਜਦੋਂ ਕਦੇ ਉਹ ਸਾਰਾ ਖੋਲ੍ਹ ਲੈਂਦਾ ਸੀ। ਜਿਨ ਗੁਰੂ ਕੇ ਪਿਆਰਿਆਂ ਸਿੱਖਾਂ ਨੂੰ ਗੁਰਮਤਿ ਨਾਲ ਸੱਚੀ ਸਿਵਰ ਭਾਵਨੀ ਹੈ ਉਹ ਬਰਸਾਂ ਬੱਧੀ ਸਕੂਲਾਂ ਦੇ ਹੈੱਡ ਮਾਸਟਰ ਤੇ ਕਾਲਜਾਂ ਦੇ ਪ੍ਰਿੰਸੀਪਲ ਭੀ ਰਹੇ। ਪਰੰਤੂ ਉਹਨਾਂ ਦੇ ਦਾੜੇ ਗੁਰਮੁਖੀ ਹੀ ਸਜੇ ਰਹੇ ਮਜਾਲ ਹੈ ਕਿ ਰੰਚਕ ਮਾਤਰ ਹੀ ਲਰਜਿਸ਼ ਆਈ ਹੋਵੇ।

(੪.) ਚੌਥੀ ਸ਼੍ਰੇਣੀ ਦੇ ਅਜਿਹੇ ਨਾਮ ਧਰੀਕ ਸਿਖ ਹਨ ਜੋ ਕੇਵਲ ਸ਼ੁਕੀਨ ਬਨਣ ਦੀ ਖਾਤਰ ਦਾੜੀਆਂ ਚਾੜਦੇ ਹਨ ਤੇ ਮੁਛਾਂ ਮਰੋੜ ਕੇ ਰੱਖਦੇ ਹਨ ਦਸਤਾਰੇ ਦੇ ਉਪਰ ਤੁਰਲਾ ਭੀ ਰਖਦੇ ਹਨ। ਉਹਨਾਂ ਦਾ ਸ਼ੌਂਕ ਏਹੋ ਹੀ ਹੈ ਕਿ ਅਸੀਂ ਜਵਾਨ ਹੀ ਪ੍ਰਤੀਤ ਹੋਈਏ। ਏਸ ਜਵਾਨੀ ਨੇ ਸਦਾ ਰਹਿਣਾ ਨਹੀਂ। ਓੜਕ ਬੁਢੇਪਾ ਆ ਹੀ ਜਾਣਾ ਹੈ ਤੇ ਇਹਨਾਂ ਸ਼ੁਕੀਨਾਂ ਦਾ ਸ਼ੁਕੀਨੀ ਪਾਜ ਭੀ ਜ਼ਰੂਰ ਲਹਿਣਾ ਹੈ।

(੫.) ਪੰਜਵੀਂ ਸ਼ਰੇਣੀ ਦੇ ਅਜੇਹੇ ਕਾਮ ਵਿਆਪਕ ਕੁਬੁਧ ਨਰ ਭੀ ਹਨ ਜੋ ਆਪਣੇ ਘਰ ਦੀਆਂ ਜੋਰੂਆਂ (ਜ਼ਨਾਨੀਆਂ) ਦੇ ਕਹੇ ਤੇ ਦਾੜ੍ਹੀਆਂ ਚੜਾਂਦੇ ਹਨ ਕਿ ਅਸੀਂ ਸੋਹਣੇ ਲਗੀਏ। ਅਜੇਹੀਆਂ ਜ਼ਨਾਨੀਆਂ ਨੂੰ ਤਾਂ ਉਹ ਸੋਹਣੇ ਤਾਂ ਹੀਂ ਲਗਣਗੇ ਕਿ ਉਹਨਾਂ ਦੇ ਮੂੰਹ ਤੇ ਦਾੜੀ ਦਾ ਨਿਸ਼ਾਨ ਹੀ ਨ ਰਹੇ।

ਕੈਸੀ ਸ਼ਰਮਨਾਕ ਹਾਲਤ ਹੈ ਸ਼ਰਮਨਾਕ ਹੀ ਨਹੀਂ ਖਤਰਨਾਕ ਹੈ, ਉਪਰ ਅੰਕਤਾਏ ਪੰਜਾਂ ਨੰਬਰਾਂ ਵਿਚ ਆਏ ਦਾੜੀ ਨਰੜ ਭੇਖੀ ਸਿਖਾਂ ਦੀ ਜੋ ਦੋਹੀਂ ਜਹਾਨੀਂ ਨਿਰੇ ਝੂਠੇ ਤੇ ਪਾਗਲ ਸਿਖ ਹੀ ਰਹਿਣਗੇ। ਖਾਸ ਕਰ ਗੁਰੂ ਨਾਨਕ ਦਸਮੇਸ਼ ਜੀ ਦੀ ਸਚੀ ਦਰਗਾਹ ਵਿਚ ਉਹਨਾਂ ਨੂੰ ਕਦੇ ਭੀ ਢੋਈ ਨਹੀਂ ਮਿਲਣੀ। ਇਹ ਗਲ ਅਛੀ ਤਰਾਂ ਯਾਦ ਰਹੇ ਕਿ ਅਸਾਡੀਆਂ ਦਸੇ ਗੁਰੂ ਪਾਤਸ਼ਾਹੀਆਂ ਸਿਧੀਆਂ ਗੁਰਮੁਖੀ ਦਾੜ੍ਹੀਆਂ ਸਮੇਤ ਹੀ ਰਹੀਆਂ ਬਲਕਿ ਸਾਰੇ ਗੁਰੂ ਪਾਤਸ਼ਾਹੀਆਂ ਦੇ ਸਮੇਂ ਦੇ ਗੁਰਸਿਖ ਭੀ ਗੁਰਮੁਖੀ ਦਾੜਿਆਂ ਵਾਲੇ ਹੀ ਹੋਏ ਹਨ। ਤੱਤ ਭਾਵ ਹੈ ਕਿ ਗੁਰਮੁਖੀ ਸਿਧੀਆਂ ਦਾੜੀਆਂ ਵਾਲੇ ਸਚੇ ਸਿੰਘ ਸੁਅਜਨ ਹੀ ਗੁਰੂ ਕੇ ਸਚਿਆਰ ਸਿੰਘ ਸੋਭਦੇ ਹਨ। ਇਹ ਦਾੜੀ ਨਰੜਨ ਦੀ ਕੁਬਿਧਤ ਕੇਵਲ ਦੇਖਾ ਦੇਖੀ ਹੀ ਪਈ ਹੋਈ ਹੈ। ਅਤੇ ਬਹੁਤੀ ਸੁਆਰਥ ਅਧੀਨ ਨੋਕਰਾਂ ਚਾਕਰਾਂ ਨੂੰ ਹੀ ਪਈ ਹੈ ਜਿਨ੍ਹਾਂ ਦਾ ਸਿੱਖੀ ਸਿਦਕ ਹਰਦਮ ਖਤਰੇ ਵਿਚ ਹੈ।

---

### *(ਪੰਨਾ 18 ਦੀ ਬਾਕੀ)*

ਹਾਂ। ਤੇ ਜੇਕਰ ਨਾਲ ਹੀ ਆਪਣਾ ਮਨ ਵੀ ਸਤਿਗੁਰਾਂ ਦੇ ਚਰਨਾਂ ਨਾਲ ਜੋੜ ਕੇ ਸੁਰ ਕਰ ਲਈਏ ਅਤੇ ਬਾਹਰਮੁਖੀ ਸਾਰਾ ਪ੍ਰਗਟਾਵਾ ਛਡ ਕੇ ਆਤਮ ਕੈ ਚਾਇ ਕੀਰਤਨ ਕਰੀਏ ਤਾਂ ਆਪ ਵੀ ਅਨੰਦ ਮਾਣ ਸਕਦੇ ਹਾਂ ਅਤੇ ਸੁਣਨਹਾਰੇ ਵੀ ਅਵੱਸ਼ ਅਨੰਦਤ ਹੋਣਗੇ। ਅਜਿਹਾ ਕੀਰਤਨ ਸੱਚੀ ਦਰਗਾਹੇ ਪਰਵਾਨ ਹੈ।

ਸਮੁੱਚਾ ਮਨੁੱਖੀ ਜੀਵਨ ਵੀ ਇਕ ਵਾਜਾ ਹੈ, ਜਿਸ ਵਿਚ ਵਾਹਿਗੁਰੂ ਜੀ ਨੇ ਪੰਜ ਤਾਰਾ ਪਾਈਆਂ ਹੋਈਆਂ ਹਨ। ਕਾਮ, ਕ੍ਰੋਧ, ਲੱਭ, ਮੋਹ ਤੇ ਹੰਕਾਰ ਇਹ ਜੀਵਨ ਦੇ ਪੰਜ ਤਾਰ ਹਨ। ਜੇ ਜੀਵਨ ਦੇ ਇਹ ਤਾਰ ਬੇਸੁਰੇ ਬੋਲਣ ਤਾਂ ਜੀਵਨ ਫਿੱਕਾ ਤੇ ਬੇਸੁਆਦਾ ਹੋ ਜਾਂਦਾ ਹੈ। ਪਰ ਸਤਿਗੁਰਾਂ ਦੀ ਬਖ਼ਸ਼ਸ਼ ਹੋ ਜਾਵੇ ਤੇ ਇਹ ਜੀਵਨ-ਤਾਰ ਸੁਰ ਹੋ ਜਾਣ ਤਾਂ ਜੀਵਨ ਵਿਚ ਖੇੜਾ ਖਿੜ ਪੈਂਦਾ ਹੈ ਅਤੇ ਸਮੁਚਾ ਜੀਵਨ ਸੁਗੰਧਤ ਹੋ ਕੇ ਹੋਰਨਾਂ ਨੂੰ ਵੀ ਸੁਗੰਧਤ ਕਰਦਾ ਹੈ। ਸੰਗਤ ਦੀ ਬਖ਼ਸ਼ਸ਼ ਤੇ ਸਤਿਗੁਰੂ ਦੀ ਮਿਹਰ ਨਾਲ ਕਾਮ ਸ਼ਰਮ ਹਯਾ ਦਾ ਰੂਪ ਧਾਰਨ ਕਰ ਜਾਂਦਾ ਹੈ ਤੇ ਮੋਹ ਪ੍ਰੇਮ ਵਿਚ ਬਦਲ ਕੇ, ਵਡੇ ਗੁਣਾਂ ਦੇ ਉਸ ਮਾਲਕ ਦੀ ਸਰਬ ਸ੍ਰਿਸ਼ਟੀ ਨੂੰ ਪਿਆਰ ਕਰਨ ਲਗ ਜਾਂਦਾ ਹੈ। ਲੋਭ, ਸਬਰ ਸੰਤੋਖ ਦੀ ਹੱਦ ਵਿਚ ਆ ਜਾਂਦਾ ਹੈ। ਬਿਕਰਾਲ ਰੂਪ ਕ੍ਰੋਧ, ਬੀਰ ਰਸ ਵਿਚ ਬਦਲ ਜਾਂਦਾ ਹੈ ਤੇ ਹੰਕਾਰ, ਅਣਖ ਦਾ ਰੂਪ ਧਾਰ ਲੈਂਦਾ ਹੈ। ਸੋ ਇਹਨਾਂ ਪੰਜ ਬੇਸੁਰੇ ਤਾਰਾਂ ਨੂੰ ਜੇ ਥੋੜਾ ਜਿਹਾ ਵੀ ਸੁਰ ਕਰ ਲਈਏ, ਅਤੇ ਫਿਰ ਉਸ ਪਿਆਰੇ ਦੀ ਬਾਣੀ ਦਾ ਕੀਰਤਨ ਕਰੀਏ ਤਾਂ ਸਹੀ ਅਰਥਾਂ ਵਿਚ ਕੁਝ ਕਰ ਰਹੇ ਹੁੰਦੇ ਹਾਂ।

ਜਿਥੇ ਅਵਾਜ਼ ਨੂੰ ਤਰਤੀਬ ਦੇਣ ਨਾਲ ਸੰਗੀਤ ਉਪਜਦਾ ਹੈ ਉਥੇ ਮਨੁਖੀ ਜਜ਼ਬਿਆਂ ਨੂੰ ਨਿਯਮ-ਬਧ ਰੱਖਣ ਨਾਲ ਸਮੁੱਚੀ ਸ਼ਖਸੀਅਤ ਰਾਗਾਤਮਿਕ ਹੋ ਜਾਂਦੀ ਹੈ। ਅਸਾਂ ਸੰਸਾਰ ਵਿਚ ਵਿਚਰਨਾ ਹੈ। ਜੇ ਸਾਡਾ ਖਾਣਾ, ਪੀਣਾ, ਪਹਿਨਣਾ, ਉਠਣਾ, ਬੈਠਣਾ, ਸੌਣਾ, ਜਾਗਣਾ ਤੇ ਬੋਲਣਾ, ਸਾਰੇ ਕਾਰ-ਵਿਹਾਰ ਇਕ-ਸਾਰ ਹੋ ਜਾਣ ਅਤੇ ਬਾਕਾਇਦਗੀ ਵਿਚ ਆ ਜਾਵਣ ਤਾਂ ਸਹੀ ਅਰਥਾਂ ਵਿਚ ਅਨੰਦ ਹੈ, ਜ਼ਿੰਦਗੀ ਦੇ ਉਦੇਸ਼ ਨੂੰ ਪੂਰਿਆਂ ਕਰਨ ਦਾ। ਸੋ ਬਾਣੀ ਦਾ ਜੋ ਭਾਵ ਹਿਰਦੇ ਦੇ ਅੰਤਰੀਵੀ ਕੋਨੇ ਵਿਚ ਵਸੇਗਾ, ਉਸੇ ਹੀ ਵਹਾਉ ਦੇ ਆਸਰੇ ਸੰਗੀਤਕ ਧੁਨ ਨਿਕਲੇਗੀ।

ਕੀਰਤਨ ਆਤਮਕ ਖ਼ੁਰਾਕ ਹੈ। ਜੋ ਕਠੋਰ ਹਿਰਦੇ ਕਦੇ ਨਹੀਂ ਪਸੀਜਦੇ, ਉਹ ਗੁਰਬਾਣੀ ਦੀ ਸੰਗੀਤਕ ਧੁਨ ਨਾਲ ਮੋਮ ਹੋ ਜਾਂਦੇ ਹਨ, ਬਸ਼ਰਤੇ ਕਿ ਧੁਨੀ ਹਿਰਦੇ ਦੀ ਤਹਿ ਵਿਚੋਂ ਨਿਕਲੀ ਹੋਵੇ। ਹਾਂ, ਕੀਰਤਨੀਏ ਦੀ ਸੁਰਤੀ ਉਕਾਬ ਪੰਛੀ ਵਾਂਗ ਉਤਾਂਹ ਹੀ ਰਹੇ, ਇਧਰ ਉਧਰ ਖ਼ਿਆਲਾਂ ਵਿਚ ਨਾ ਉਲਝੀ ਰਹੇ। ਸੋ ਘਾਲਣਾ ਦੀ ਜ਼ਰੂਰਤ ਤਾਂ ਅਵੱਸ਼ ਹੈ, ਪਰ ਗੁਰੂ ਪ੍ਰਾਇਣ ਹੋ ਕੇ ਜੇ ਉਦਮ ਧਾਰੀਏ ਤਾਂ ਵਾਹਿਗੁਰੂ ਜੀ ਆਪ ਹੀ ਅਗਵਾਈ ਕਰਨਗੇ।

# ਬਾਬਾ ਬੁੱਢਾ ਜੀ

*[ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ.]*

ਬਾਬਾ ਬੁੱਢਾ ਜੀ ਬੜੇ ਉੱਚੇ-ਸੁੱਚੇ, ਪ੍ਰਸਿੱਧ, ਮਹਾਨ ਕਰਨੀ ਵਾਲੇ ਸਿੱਖ ਅਤੇ ਕੌਮ ਵਿੱਚ ਸਤਿਕਾਰ ਵਾਲੇ ਗੁਰਮੁੱਖ ਗੁਰਸਿੱਖ ਹੋਏ ਹਨ। ਉਨ੍ਹਾਂ ਨੇ ਗੁਰਸਿੱਖੀ ਦਾ ਉਪਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲਿਆ ਅਤੇ ਛੇਵੀਂ ਪਾਤਸ਼ਾਹੀ ਦੇ ਸਮੇਂ ਤਕ ਗੁਰਸਿੱਖੀ ਦਾ ਨਮੂਨਾ ਬਣ ਕੇ ਜੀਵਨ ਬਤੀਤ ਕੀਤਾ। ਬਾਬਾ ਜੀ ਦਾ ਜਨਮ ਸੁੰਘੇ ਰੰਧਾਵੇ ਜੀ ਦੇ ਘਰ ਮਾਤਾ ਗੌਰਾਂ ਦੀ ਕੁੱਖ ਤੋਂ 1563 ਨੂੰ ਪਿੰਡ ਕੱਥੂ ਨੰਗਲ ਅੰਮ੍ਰਿਤਸਰ ਵਿੱਚ ਹੋਇਆ। ਉਨ੍ਹਾਂ ਦਾ ਨਾਂ ਬੂੜਾ ਰਖਿਆ, ਮਗਰੋਂ ਗੁਰੂ ਨਾਨਕ ਦੇਵ ਜੀ ਦੇ ਬਚਨ ਮੁਜਬ ਨਾਮ ਬੁੱਢਾ ਜੀ ਪੈ ਗਿਆ। ਮਾਤਾ ਪਿਤਾ ਜੀ ਨੰਗਲ ਤੋਂ ਪਿੰਡ ਰਾਮਦਾਸ ਵਿਚ ਆ ਗਏ ਸਨ।

ਆਪ ਜੀ 11-12 ਵਰ੍ਹੇ ਦੀ ਉਮਰ ਵਿਚ ਖੇਤਾਂ ਵਿੱਚ ਮੱਝਾਂ ਚਾਰਦੇ ਸਨ। ਗੁਰੂ ਨਾਨਕ ਦੇਵ ਜੀ ਸੰਗਤਾਂ ਨੂੰ ਸਤਿਨਾਮ ਦੇ ਗੱਫੇ ਵਰਤਾਂਦੇ ਰਾਮਦਾਸ ਪਿੰਡ ਦੇ ਪਾਸ ਆ ਟਿਕੇ। ਬੁੱਢਾ ਜੀ ਵੀ ਮੱਝਾਂ ਚਾਰਦੇ ਉਥੇ ਆ ਗਏ। ਇਨ੍ਹਾਂ ਨੇ ਗੁਰੂ ਜੀ ਦੇ ਦਰਸਨ ਕੀਤੇ ਅਤੇ ਉਪਦੇਸ਼ ਸੁਣਿਆ ਉਨ੍ਹਾਂ ਦੇ ਮਨ ਵਿਚ ਪਿਆਰ ਦੀ ਖਿੱਚ ਪੈਦਾ ਹੋਈ ਕਿ ਹਰ ਰੋਜ ਸਤਸੰਗ ਵਿਚ ਆ ਜਾਇਆ ਕਰਨ ਗੁਰੂ ਜੀ ਵਾਸਤੇ ਦੁਧ-ਮੱਖਣ ਲਿਆ ਕੇ ਬੜੇ ਪ੍ਰੇਮ ਨਾਲ ਭੇਟਾ ਕਰਿਆ ਕਰਨ।

ਇਕ ਦਿਨ ਗੁਰੂ ਜੀ ਨੇ ਕਹਿਆ, "ਕਾਕਾ! ਤੇਰਾ ਕੀ ਨਾਂ ਹੈ। ਤੂੰ ਕੀ ਕੰਮ ਕਰਦਾ ਹੁੰਦਾ ਏ?" ਬੂੜਾ ਜੀ - ਸੱਚੇ ਪਾਤਸ਼ਾਹ! ਮੈਂ ਰਾਮਦਾਸ ਵਿੱਚ ਮੱਝਾਂ ਚਾਰਿਆ ਕਰਦਾ ਹਾਂ ਜੀ। ਗੁਰੂ ਜੀ - ਤੂੰ ਕਿਹੜੀ ਇੱਛਾ ਧਾਰ ਕੇ ਸਾਡੇ ਪਾਸ ਆਉਂਦਾ ਹੈ? ਤੂੰ ਕੀ ਚਾਹੁੰਦਾ ਹੈਂ? ਬੂੜਾ ਜੀ - ਸੱਚੇ ਪਾਤਸ਼ਾਹ! ਮੇਰੀ ਬੇਨਤੀ ਹੈ ਕਿ ਮੈਨੂੰ ਮੌਤ ਦੇ ਦੁੱਖ ਤੋਂ, ਡਰ ਤੋਂ, ਬਚਾਓ, ਇਸ ਚੁਰਾਸੀ ਦੇ ਗੇੜ ਵਿਚੋਂ ਕੱਢੋ, ਮੁਕਤੀ ਬਖਸ਼ੋ। ਗੁਰੂ ਜੀ - ਕਾਕਾ! ਤੇਰੀ ਤਾਂ ਹਾਲਾਂ ਖੇਡਣ-ਖਾਣ-ਪੀਣ ਦੀ ਉਮਰ ਹੈ। ਤੈਨੂੰ ਮੌਤ ਤੇ ਮੁਕਤੀ ਦੇ ਖਿਆਲਾ ਨੇ ਕਿਵੇਂ ਆ ਫੜਿਆ? ਵੱਡਾ ਹੋਵੇਂਗਾ ਤਾਂ ਇਹ ਗੱਲਾਂ ਕਰੀਂ। ਬੂੜਾ ਜੀ - ਮਹਾਰਾਜ ਜੀ! ਮੌਤ ਦਾ ਕੀ ਵਸਾਹ? ਕੀ ਪਤਾ ਕਦੋਂ ਆ ਜੱਫੇ। ਖਬਰੇ ਵਡਾ ਹੋਣਾ ਕੀ ਨਾ ਹੀ ਹੋਵਾਂ। ਗੁਰੂ ਜੀ - ਤੈਨੂੰ ਇੱਨੀਂ ਛੋਟੀ ਉਮਰ ਵਿੱਚ ਇਹ ਸੋਚ ਕਿਵੇਂ ਫੁਰੀ ਕਾਕਾ ਬੂੜਿਆ? ਬੂੜਾ ਜੀ - ਮਹਾਰਾਜ ਜੀ, ਉਹ ਇਉਂ ਕੁਝ ਚਿਰ ਹੋਇਆ, ਪਠਾਣ ਸਾਡੇ ਪਿੰਡ ਦੀ ਪਾਸ ਲੰਘੇ, ਉਹ ਬਦੋ-ਬਦੀ ਸਾਡੀਆਂ ਫਸਲਾਂ ਵੱਢ ਕੇ ਲੈ ਗਏ, ਪੱਕੀਆਂ ਕੱਚੀਆਂ ਵੀ ਤੇ ਅੱਧ ਪਕੀਆਂ ਵੀ। ਉਦੋਂ ਤੋਂ ਮੈਨੂੰ ਘੜੀ ਮੁੜੀ ਖਿਆਲ ਆਉਂਦਾ ਹੈ ਤਿਵੇਂ ਹੀ ਮੌਤ ਵੀ ਬੱਚੇ, ਗੱਭਰੂ, ਅੱਧਖੜ, ਬੁੱਢੇ ਨੂੰ ਜਦੋਂ ਜੀ ਕਰੇ ਆ ਨਪੇਗੀ। ਕੀ ਪਤਾ ਮੇਰੀ ਵਾਰੀ ਕਦੋਂ ਆ ਜਾਵੇਗੀ। ਇਸ ਕਰਕੇ ਮੈਂ ਤੁਹਾਡੇ ਕੋਲ ਆਉਂਦਾ ਹਾਂ। ਗੁਰੂ ਜੀ ਹੱਸ ਪਏ ਅਤੇ ਕਹਿਣ ਲਗੇ ਤੂੰ ਹੈ ਤਾਂ ਬੱਚਾ ਪਰ ਗੱਲਾਂ ਬੁੱਢਿਆ ਵਾਲੀਆਂ ਕਰਦਾ ਹੈਂ। ਤੂੰ ਬੱਚਾ ਨਹੀਂ, ਤੂੰ ਬੱਢਾ ਹੈਂ। ਤਕੜਾ ਹੋ, ਬੁੱਢੇ ਬਾਲਕਾ। ਰੱਬ ਮੌਤ ਨਾਲੋਂ ਕਿਤੇ ਵਧੇਰੇ ਤਕੜਾ ਤੇ ਬਲਵਾਨ ਹੈ। ਜੇ ਤੂੰ ਉਸਦਾ ਹੋ ਜਾਵੇਂ ਤਾਂ ਮੌਤ ਤੈਨੂੰ ਡਰਾ ਨਾ ਸਕੇਗੀ, ਉਹ ਤੈਥੋਂ ਡਰਨ ਲੱਗ ਪਵੇਗੀ, ਤੂੰ ਅਮਰ ਹੋ ਜਾਵੇਗਾ। ਜਨਮ-ਮਰਨ ਦੇ ਗੇੜ ਤੋਂ ਛੁੱਟ ਜਾਵੇਗਾ। ਰੱਬ ਨੂੰ ਹਰ ਵੇਲੇ ਚੇਤੇ ਰੱਖਿਆ ਕਰ ਰੱਬ ਦੇ ਪਿਆਰੇ ਨੂੰ ਪਿਆਰ ਕਰਿਆ ਕਰ। ਗੁਰੂ ਦੀ ਸੰਗਤ ਦੀ ਸੇਵਾ ਵੀ ਕਰਿਆ ਕਰ। ਉਸ ਦਿਨ ਤੋਂ ਬੂੜਾ ਦਾ ਨਾਂ ਬੁੱਢਾ ਜੀ ਪੈ ਗਿਆ। ਸਿੱਖ ਉਨ੍ਹਾਂ ਨੂੰ ਬਹੁਤ ਸਤਿਕਾਰ ਨਾਲ ਬੁੱਢਾ ਆਖਦੇ ਹਨ। ਉਹ ਘਰ-ਬਾਰ ਛੱਡ ਕੇ ਗੁਰੂ ਜੀ ਦੇ ਦਰਬਾਰੇ ਰਹਿਣ ਲੱਗ ਪਏ। ਸਾਰਾ ਦਿਨ ਆਏ ਗਏ ਗੁਰੂ ਜੀ ਦੀਆਂ ਸੰਗਤਾਂ ਦੀ ਸੇਵਾ ਟਹਿਲ ਕਰਦੇ, ਖੇਤਾਂ ਵਿੱਚ ਜਾ ਕੇ

ਖੇਤੀਬਾੜੀ ਦਾ ਕੰਮ ਨਿਬਾਹੁੰਦੇ ਅਤੇ ਨਾਮ ਜਪਦੇ ਰਹਿੰਦੇ। ਉਨ੍ਹਾਂ ਨੇ ਆਪਣਾ ਇਕ ਸੱਚਾ-ਸੁਚਾ ਜੀਵਨ ਸਿੱਖਾਂ ਲਈ ਨਮੂਨਾ ਬਣਾਇਆ ਅਤੇ ਗੁਰੂ ਜੀ ਦੇ ਨਾਮ ਜਪਣ, ਕਿਰਤ ਕਰਨ ਤੇ ਵੰਡ ਕੇ ਛਕਣ ਦੇ ਉਪਦੇਸ਼ ਨੂੰ ਕਮਾ ਕੇ ਵਿਖਾਇਆ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਆਪ ਜੀ ਦੇ ਸਭ ਕੰਮਾਂ ਤੋਂ ਬਹੁਤ ਹੀ ਖੁਸ਼ ਸਨ। ਇੰਨੇ ਪ੍ਰਸੰਨ ਕਿ ਜਦੋਂ ਆਪ ਜੀ ਨੇ ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸੌਂਪੀ ਤਾਂ ਉਨ੍ਹਾਂ ਨੂੰ ਗੁਰਆਈ ਦਾ ਤਿਲਕ ਆਪ ਨੇ ਬਾਬਾ ਬੁੱਢਾ ਜੀ ਪਾਸੋਂ ਲਵਾਇਆ। ਮਗਰੋਂ ਵੀ ਤੀਜੀ, ਚੋਥੀ, ਪੰਜਵੀਂ, ਛੇਵੀਂ ਪਾਤਸ਼ਾਹੀ ਨੂੰ ਵੀ ਗੁਰਤਾ ਦਾ ਤਿਲਕ ਵੀ ਬਾਬਾ ਬੁੱਢਾ ਜੀ ਨੇ ਲਾਇਆ। ਨੌਵੇਂ ਪਾਤਸ਼ਾਹ ਜੀ ਨੂੰ ਇਨ੍ਹਾਂ ਦੇ ਪੋਤਰਾ ਬਾਬਾ ਗੁਰਦਿੱਤਾ ਜੀ ਨੇ ਬਾਬਾ ਬਕਾਲੇ ਸਾਹਿਬ ਤਿਲਕ ਲਗਾਇਆ। ਭਗਤੀ-ਕਮਾਈ ਦਾ ਸਦਕਾ ਬਾਬਾ ਜੀ ਨੇ ਆਤਮਿਕ ਉੱਚਤਾ ਬ੍ਰਹਮਗਿਆਨੀ ਦੀ ਅਵਸਥਾ ਪਰਾਪਤ ਕੀਤੀ। ਗੁਰੂ ਜੀ ਨੇ ਸਭ ਕੁਝ ਨੌਂ ਨਿਧੀਆਂ ਅਤੇ ਇਹ ਵਰ ਦਿਤਾ ਕਿ ਬੁੱਢਾ ਜੀ! ਗੁਰੂ ਨਾਨਕ (ਅਕਾਲ ਪੁਰਖ) ਦੀ ਜੋਤ ਜਿੱਥੇ ਵੀ ਹੋਏਗੀ, ਤੁਹਾਡੇ ਤੋਂ ਦੂਰ ਨਹੀਂ ਹੋਏਗੀ।

ਪਹਿਲੀ ਪਾਤਸ਼ਾਹੀ ਦੇ ਜੋਤੀ-ਜੋਤ ਸਮਾਉਣ ਮਗਰੋਂ ਗੁਰੂ ਅੰਗਦ ਦੇਵ ਜੀ ਗੁਪਤ-ਵਾਸ ਰਹੇ। ਆਪ ਜੀ ਦੇ ਦਰਸ਼ਨਾਂ ਦੇ ਅਭਿਲਾਸ਼ੀ ਸਿੱਖ ਬੜੇ ਉਦਾਸ ਚਿਤ ਸਨ। ਆਪ ਕੁਝ ਸਮਾਂ ਮਿਲੇ ਨਹੀਂ। ਸੰਗਤਾਂ ਨੇ ਬਾਬਾ ਬੁੱਢਾ ਜੀ ਪਾਸ ਬੇਨਤੀ ਕੀਤੀ ਕਿ ਤੁਸੀਂ ਆਪਣੀ ਆਤਮਿਕ ਸ਼ਕਤੀ ਵਰਤ ਕੇ ਦੱਸੋ ਕਿ ਗੁਰੂ ਅੰਗਦ ਸਾਹਿਬ ਜੀ ਕਿੱਥੇ ਹਨ? ਬਾਬਾ ਜੀ ਨੇ ਰਾਤ ਨੂੰ ਇਕਾਂਤ ਸਮੇਂ ਪਾਠ ਕਰਕੇ, ਗੁਰੂ ਜੀ ਦਾ ਧਿਆਨ ਧਰ ਕੇ ਅਰਦਾਸ ਕੀਤੀ। ਗੁਰੂ ਜੀ ਖਡੂਰ ਸਾਹਿਬ ਜਾ ਕੇ ਸੰਗਤਾਂ ਨਾਲ ਮਾਈ ਭਿਰਾਈ ਦੇ ਘਰ ਬਿਰਾਜ ਰਹੇ ਸਨ ਦਰਸ਼ਨ ਕੀਤੇ। ਇਸੇ ਤਰ੍ਹਾਂ ਜਦ ਤੀਜੇ ਗੁਰੂ ਅਮਰ ਦਾਸ ਜੀ ਦਾਤੂ ਦੇ ਕਰੋਧ ਤੇ ਈਰਖਾ ਦੀ ਅੱਗ ਮੱਠੀ ਕਰਨ ਦੀ ਖਾਤਰ ਗੋਇੰਦਵਾਲ ਤੋਂ ਬਾਸਰਕੇ ਜਾ ਕੇ ਗੁਪਤ ਹੋ ਕੇ ਬੈਠੇ ਸਨ, ਤਾਂ ਵੀ ਸੰਗਤਾਂ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਤੋਂ ਬਿਨਾਂ ਰਹਿਣਾ ਮੌਤ ਦੇ ਬਰਾਬਰ ਹੈ, ਲਭੋ ਤੇ ਪ੍ਰਗਟ ਕਰੋ। ਗੁਰੂ ਜੀ ਨੇ ਕਹਿਆ ਸੀ! ਕੋਈ ਦਰਵਾਜਾ ਨਹੀਂ ਖੋਲੇਗਾ ਤਾਂ ਫਿਰ ਬਾਬਾ ਜੀ ਨੇ ਸੋਚ-ਵਿਚਾਰ ਕੇ ਗੁਰੂ ਜੀ ਦੇ ਹੁਕਮਾਂ ਨੂੰ ਮਨਦੇ ਹੋਏ ਮਕਾਨ ਦੀ ਕੰਧ ਨੂੰ ਸੰਨ੍ਹ ਲਾ ਕੇ ਗੁਰੂ ਜੀ ਨੂੰ ਪ੍ਰੇਰਿਆ ਕਿ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰੋ ਜੀ। ਗੁਰੂ ਅਮਰਦਾਸ ਜੀ, ਬਾਬਾ ਬੁੱਢਾ ਜੀ ਅਤੇ ਸੰਗਤਾਂ ਨਾਲ ਕੀਰਤਨ ਕਰਦੇ ਬਾਸਰਕੇ ਤੋਂ ਸ੍ਰੀ ਗੋਇੰਦਵਾਲ ਸਾਹਿਬ ਪਹੁੰਚੇ।

ਜਦ ਗੁਰੂ ਪੰਚਮ ਪਾਤਸ਼ਾਹ ਜੀ ਨੇ ਸ੍ਰੀ ਦਰਬਾਰ ਸਾਹਿਬ ਤੇ ਅੰਮ੍ਰਿਤ ਸਰੋਵਰ ਦੀ ਤਿਆਰੀ ਅਰੰਭੀ ਤਾਂ ਬਾਬਾ ਜੀ ਇਸ ਸੇਵਾ ਦੇ ਮੋਢੀ ਪ੍ਰਬੰਧਕ ਬਣੇ। ਬਾਬਾ ਬੁੱਢਾ ਜੀ ਪਰਕਰਮਾਂ ਵਿਚ ਇਕ ਬੇਰੀ ਥੱਲੇ ਬੈਠ ਕੇ ਸਰੋਵਰ ਸਾਹਿਬ ਦਰਬਾਰ ਸ੍ਰੀ ਹਰਿਮੰਦਿਰ ਸਾਹਿਬ ਅਤੇ ਸਾਰੀ ਪਰਿਕਰਮਾ ਦੀ ਸੇਵਾ ਸੰਗਤਾਂ ਪਾਸੋਂ ਕਰਵਾਉਂਦੇ ਅਤੇ ਜੋ ਲੋੜੀਂਦਾ ਸਾਮਾਨ ਹੁੰਦਾ ਸੀ ਆਪ ਆਪਣੇ ਹੱਥੀਂ ਦਿੰਦੇ ਸਨ। ਆਪ ਵੀ ਟੋਕਰੀ ਵਗੈਰਾ ਦੀ ਸੇਵਾ ਕਰਦੇ ਸਨ। ਰਾਜ ਮਿਸਤਰੀਆਂ, ਮਜਦੂਰਾਂ ਨੂੰ ਤਨਖਾਹ ਦਿੰਦੇ ਸਨ। ਅੰਮ੍ਰਿਤਸਰ ਦੇ ਪਿੰਡ ਝਬਾਲ ਦੇ ਪਾਸ ਕਾਫੀ ਸਾਰੀ ਜਮੀਨ ਗੁਰੂ ਜੀ ਨੂੰ ਮਿਲੀ ਹੋਈ ਸੀ। ਇਥੇ ਗੁਰੂ ਜੀ ਦਾ ਮਾਲ-ਡੰਗਰ ਚਰਿਆ ਕਰਦਾ ਸੀ। ਇਸ ਨੂੰ ਬੀੜ ਆਖਦੇ ਸਨ। ਬਾਬਾ ਜੀ ਨੇ ਆਪਣੀ ਉਮਰ ਦਾ ਬਹੁਤਾ ਸਮਾਂ ਇਸ ਬੀੜ ਵਿਚ ਗੁਰੂ ਘਰ ਦੀ ਸੇਵਾ ਕਰਦਿਆਂ ਨਿਭਾਇਆ। ਆਪ ਘਾਹ-ਪਠਾ ਖੋਤਣ ਦੀ ਸੇਵਾ ਕਰਦੇ ਹੋਏ ਆਪਣੇ-ਆਪ ਨੂੰ ਗੁਰੂ ਘਰ ਦਾ ਘਾਈਆ ਕਿਹਾ ਕਰਦੇ ਸਨ। ਇਸ ਥਾਂ ਦਾ ਨਾਂ ਬਾਬੇ ਦੀ ਬੀੜ ਪੈ ਗਿਆ ਹੈ।

ਇਸ ਬੀੜ ਵਿਚ ਹੀ ਗੁਰੂ ਜੀ ਨੇ ਬਾਬੇ ਬੁੱਢਾ ਜੀ ਦੀ ਯਾਨੀ ਕਿ ਆਪਣੇ ਪਿਆਰੇ ਸੇਵਕ ਦੀ ਵਡਿਆਈ ਲਈ ਮਾਤਾ ਗੰਗਾ ਜੀ ਨੂੰ ਪੁਤਰ ਦੀ ਦਾਤ ਲਈ ਭੇਜਿਆ ਸੀ, ਜੋ ਬਾਬਾ ਜੀ ਨੇ ਮਹਾ ਬਲੀ ਜੋਧਾ ਪੁੱਤਰ ਦਾ ਵਰ ਦਿੱਤਾ ਸੀ, ਬਾਬਾ ਜੀ ਦੇ ਵਚਨ ਨਾਲ ਹੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਮਾਤਾ ਗੰਗਾ ਜੀ ਦੇ ਕੁੱਖੋਂ ਹੋਇਆ। ਉਸ ਵਕਤ ਗੁਰੂ ਕੀ ਵਡਾਲੀ ਵਿਖੇ ਨਿਵਾਸ ਸਥਾਨ ਸੀ।

ਬਾਬਾ ਬੁੱਢਾ ਜੀ ਦਾ ਗੁਰੂ-ਘਰ ਵਿੱਚ ਇੱਨਾ ਮਾਣ ਸਤਿਕਾਰ ਸੀ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪੜ੍ਹਾਈ-ਸਿਖਲਾਈ ਦਾ ਕੰਮ ਆਪ ਜੀ ਦੇ ਹੀ ਸਪੁਰਦ ਸੀ। ਗੁਰੂ ਜੀ ਨੂੰ ਗੁਰਮੁਖੀ, ਗੁਰਬਾਣੀ ਤੇ ਗੁਰ-ਇਤਿਹਾਸ ਦੀ ਪੜ੍ਹਾਈ ਵੀ ਅਤੇ ਸ਼ਸਤਰ ਵਿਦਿਆ ਘੋੜ ਸਵਾਰੀ ਕੁਸ਼ਤੀ (ਘੋਲਾ) ਅਤੇ ਹੋਰ ਸਰੀਰਕ ਸਿਖਲਾਈ ਵੀ ਕਰਵਾਈ। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਕੇ ਉਸ ਦਾ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਵਿੱਚ ਕੀਤਾ ਤਾਂ ਬਾਬਾ ਬੁੱਢਾ ਜੀ ਨੂੰ ਸ੍ਰੀ ਦਰਬਾਰ ਸਾਹਿਬ ਦਾ ਪਹਿਲਾ ਮੁੱਖ ਗ੍ਰੰਥੀ ਨੀਅਤ ਕੀਤਾ। ਜਹਾਂਗੀਰ ਦੇ ਨਾਲ ਹਿੰਦੂ ਚੰਦੂ ਨੇ ਰਲ ਕੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਲਾਹੌਰ ਬੁਲਾ ਕੇ 5 ਦਿਨ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਇਕ ਮਹਾਨ ਪਵਿਤ੍ਰ ਗੁਰੂ ਜੀ ਨੂੰ ਬਿਨਾ ਕਿਸੇ ਕਾਰਣ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲਿਅਰ ਦੇ ਕਿਲੇ ਵਿਚ ਕੈਦ ਕਰ ਦਿਤਾ ਸੀ। ਕੁਝ ਸਮੇਂ ਬਾਅਦ ਮਾਤਾ ਗੰਗਾ ਜੀ ਨੇ ਬਾਬਾ ਬੁੱਢਾ ਜੀ ਨੂੰ ਆਪਣੇ ਪੁੱਤਰ ਦੀ ਖਬਰ-ਸੁਰਤ ਲਿਆਉਣ ਵਾਸਤੇ ਗਵਾਲੀਅਰ ਭੇਜਿਆ।

ਉਹ ਗਏ ਅਤੇ ਗੁਰੂ ਜੀ ਨੂੰ ਮਿਲ ਕੇ ਸੁਖ ਸੁਨੇਹਾ ਲੈ ਕੇ ਵਾਪਸ ਆਏ। ਗੁਰੂ ਜੀ ਦੀ ਕੈਦ ਸਮੇਂ ਬਾਬਾ ਜੀ ਦੀ ਰਹਿਨੁਮਾਈ ਵਿਚ ਸੰਗਤਾਂ ਰਾਤ ਵੇਲੇ ਚੌਕੀਆਂ ਬਣਾ ਕੇ ਸ਼ਬਦ ਪੜਦਿਆਂ-ਪੜਦਿਆਂ ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਕਰਦੀਆਂ ਅਤੇ ਮਗਰੋਂ ਅਰਦਾਸਾਂ ਕਰਕੇ ਵਿਦਾ ਹੁੰਦੀਆਂ। ਜਦੋਂ ਗੁਰੂ ਜੀ ਗਵਾਲੀਅਰ ਗਏ ਸਨ ਤਾਂ ਪਿਛੋਂ ਦੀ ਸਾਰੀ ਜ਼ਿੰਮੇਦਾਰੀ ਆਪ ਬਾਬਾ ਬੁਢਾ ਜੀ ਨੂੰ ਦੇ ਗਏ ਸਨ। ਗੁਰੂ ਜੀ ਕਿਲੇ ਵਿਚ ਹਰ ਰੋਜ ਸਵੇਰੇ-ਸ਼ਾਮ ਸਤਸੰਗ ਕਰਿਆ ਕਰਦੇ। ਜਹਾਂਗੀਰ ਨੇ 52 ਹਿੰਦੂ ਰਾਜੇ ਵੀ ਕੈਦ ਕੀਤੇ ਹੋਏ ਸਨ ਜਦਕਿ ਗੁਰੂ ਜੀ ਤਾਂ ਬੰਦੀ ਛੋੜ ਸਨ।

ਜਦ ਮਾਤਾ ਜੀ ਜੋਤੀ-ਜੋਤ ਸਮਾ ਗਏ ਤਾਂ ਬਾਬਾ ਬੁੱਢਾ ਜੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ, ਆਪ ਜੰਗਾਂ ਦੀ ਤਿਆਰੀ ਕਰ ਰਹੇ ਹੋ। ਮੈਂ ਹੁਣ ਬਿਰਧ ਹਾਂ। ਜੰਗ ਵਿੱਚ ਹਿੱਸਾ ਲੈਣ ਜੋਗਾ ਮੇਰੇ ਵਿੱਚ ਬਲ ਨਹੀਂ ਰਿਹਾ। ਆਪ ਆਗਿਆ ਦਿਓ ਕਿ ਮੈਂ ਬੀੜ ਵਿੱਚ ਜਾ ਕੇ ਸੇਵਾ ਕਰਾਂ। ਬਾਬਾ ਜੀ ਫੇਰ ਝਬਾਲ ਦੀ ਤਰਫ ਬੀੜ ਵਿੱਚ ਚਲੇ ਗਏ। ਇਕ ਦਿਨ ਬਾਬਾ ਜੀ ਨੇ ਗੁਰੂ ਜੀ ਨੂੰ ਫਿਰ ਬੇਨਤੀ ਕੀਤੀ ਕਿ ਮੈਨੂੰ ਆਗਿਆ ਦਿਓ ਕਿ ਮੈਂ ਆਪਣੇ ਪਿੰਡ ਰਾਮਦਾਸ ਜਾ ਕੇ ਭਜਨ ਬੰਦਗੀ ਕਰਦਾ ਉਮਰ ਦੇ ਅਖੀਰੀ ਦਿਨ ਬਿਤਾਵਾਂ। ਨਾਲ ਹੀ ਬਚਨ ਦਿਓ ਜਦ ਮੈਂ ਦਰਸਨਾਂ ਲਈ ਅਰਦਾਸ ਕਰਾਂ ਆਪ ਨੇ ਜਰੂਰ ਬਹੁੜਨਾ। ਕਿਨਾਂ ਪਿਆਰ ਹੈ, ਕਿਨਾਂ ਸਤਿਕਾਰ ਹੈ, ਕਿਨੀਂ ਖਿੱਚ ਹੈ, ਗੁਰੂ ਲਈ, ਸਿੱਖ ਨੂੰ। ਸਾਨੂੰ ਵੀ ਹੋਣੀ ਚਾਹੀਦੀ ਹੈ।

ਬਾਬਾ ਜੀ ਦੀ ਉਮਰ 125 ਸਾਲ ਤੋਂ ਉਪਰ ਸੀ, 115 ਸਾਲ ਤਕ ਬਾਬਾ ਜੀ ਨੇ ਸਿੱਖੀ ਕਮਾਈ। ਆਪ ਨੂੰ ਭਜਨ ਬੰਦਗੀ ਕਰਦੇ ਕੁਛ ਸਮਾਂ ਬੀਤ ਗਿਆ ਤੇ ਅੱਜ ਆਪ ਜੀ ਨੇ ਗੁਰੂ ਜੀ ਨੂੰ ਇਕ ਮਨ ਅੰਤਰ ਧਿਆਨ ਹੋ ਯਾਦ ਕੀਤਾ, ਤਾਂ ਗੁਰੂ ਜੀ ਨੇ ਆਪ ਜੀ ਨੂੰ ਪ੍ਰਤਖ ਦਰਸ਼ਨ ਦਿੱਤੇ ਤੇ ਉਸ ਤੋਂ ਬਾਅਦ ਫਿਰ ਸਚੱਖੰਡ ਪਿਆਨੇ ਹੋਏ। ਗੁਰੂ ਜੀ ਨੇ ਆਪ ਵੀ ਬਾਬਾ ਬੁੱਝਾ ਦੀ ਦੀ ਅਰਥੀ ਨੂੰ ਮੋਡਾ ਦਿੱਤਾ ਤੇ ਸੰਸਕਾਰ ਕੀਤਾ।

ਸਿੱਖ ਜਗਤ ਵਿੱਚ ਮਹਾਨ ਸ਼ਖਸ਼ੀਅਤ, ਸੇਵਾ ਦੇ ਪੁੰਜ, ਹਰ ਪਖੋਂ ਸੰਪੂਰਨ ਬ੍ਰਹਮਗਿਆਨੀ ਜੀ ਦੀ ਸਿਫਤ ਸਾਡੀ ਕਲਮ ਨਹੀਂ ਲਿੱਖ ਸਕਦੀ ਸਾਨੂੰ ਸਭ ਸਿੱਖ ਜਗਤ ਨੂੰ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ ਅਤੇ ਸ਼ਿਖਸ਼ਾ ਤੇ ਚਲਣਾ ਚਾਹੀਦਾ ਹੈ।

ਇਸ ਕਲਜੁਗੀ ਭਿਆਨਕ ਸਮੇਂ ਸਾਨੂੰ ਸਭ ਨੂੰ ਇਕ ਜੁਟ ਹੋਣਾ ਚਾਹੀਦਾ ਹੈ, ਗੁਰੂ ਜੀ ਅਗੇ ਬੇਨਤੀ ਹੈ ਕਿਰਪਾ ਕਰਨ ਜੀ। ਭੁੱਲ-ਚੁਕ ਦੀ ਮਾਫੀ।

## ਰਿਸ਼ਤੇ ਨਾਤੇ

247. Looking suitable, well educated and beautiful match for Sant Parkash Singh, 5' 11", D.O.B. 05.02.1993, B.Tech (E.C.E), Specialisation in Fibre Optics, PGDCA, worked as Project Manager in Baharain for 3 years. Owner of IELTS Centre. Father Retd. Under Secretary from P.S.E.B., mother Retd. Govt. Teacher, one elder brother working in Punjab National Bank. Own house at Patiala and Sangrur. No demand. Contact : 98555-31993.

**ਨੋਟ:-** 1. ਇਹ ਰਿਸ਼ਤੇ ਸਿਰਫ ਕੇਸਕੀ-ਧਾਰੀ ਬੱਚਿਆਂ ਲਈ ਹੀ ਹਨ ਜੀ।
2. ਪੱਤਰ-ਵਿਹਾਰ ਲਈ ਸੀਰੀਅਲ ਨੰਬਰ ਅਤੇ ਮਹੀਨਾ ਨਾਲ ਦੇ ਕੇ ਕਾਰਵਾਈ ਕੀਤੀ ਜਾਵੇ ਜੀ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਵਰਸੋਏ ਨਿਰੋਲ

# ਅਖੰਡ ਕੀਰਤਨੀ ਜੱਥੇ ਦੇ

# ਸਾਲ 2023 ਦੇ

# ਕੇਂਦਰੀ / ਸਾਲਾਨਾ ਅਤੇ ਖੇਤਰੀ

# ਸਮਾਗਮਾਂ ਦਾ ਵੇਰਵਾ

ਦਾਸਰੇ: ਪਰਮਿੰਦਰ ਸਿੰਘ ਖਾਲਸਾ ਅਖੰਡ ਕੀਰਤਨੀ ਜੱਥਾ ਮੋਗਾ (USA)
ਸੰਪਰਕ ਨੰ: 95307-18001, 94173-09460, +1-224-504-7886 (USA)
ਭਾਈ ਕਵਨੀਤ ਸਿੰਘ +91-90963-60009,
Website: www.akjmoga.org , Radio Station www.heerarattan.in
(Akhand Kirtani Jathe de Website: akj.org.)

## ਕੇਂਦਰੀ/ ਸਾਲਾਨਾ ਅਖੰਡ ਕੀਰਤਨ ਸਮਾਗਮ

| | | | |
|---|---|---|---|
| 1. | 04/01/2023 - 08/01/2023 | ਲੁਧਿਆਣਾ | ਕੇਂਦਰੀ ਸਮਾਗਮ ਅਵਤਾਰ ਪੁਰਬ ਗੁਰੂ ਗੋਬਿੰਦ ਸਿੰਘ ਜੀ,<br>ਗੁ: ਸਿੰਘ ਸਭਾ ਮਾਡਲ ਟਾਊਨ 98559-98893, 93571-36811 |
| 2. | 22/01/2023 - 26/01/2023 | ਇੰਦੌਰ (MP) | ਸਾਲਾਨਾ ਸਮਾਗਮ ਗੁ: ਇਮਲੀ ਸਾਹਿਬ,<br>98266-51313, 89621-13000 |
| 3. | 09/02/2023 - 12/02/2023 | ਪਟਿਆਲਾ | ਕੇਂਦਰੀ ਸਮਾਗਮ ਬਸੰਤ ਪੰਚਮੀ, ਗੁ: ਸਿੰਘ ਸਭਾ ਫੁਆਰਾ ਚੌਂਕ।<br>99142-58877, 94174-92103 |
| 4. | 15/02/2023 - 19/02/2023 | ਬੰਬਈ | ਸਾਲਾਨਾ ਸਮਾਗਮ<br>98929-86945, 98197-72086 |
| 5. | 22/02/2023 - 26/02/2023 | ਬਠਿੰਡਾ | ਸਾਲਾਨਾ ਸਮਾਗਮ ਰੈਣਸਬਾਈ 25 ਫਰਵਰੀ ਸ਼ਨੀਵਾਰ<br>94632-14774, 98150-17227 |
| 6. | 04/03/2023 - 08/03/2023 | ਅਨੰਦਪੁਰ ਸਾਹਿਬ | ਕੇਂਦਰੀ ਸਮਾਗਮ ਹੋਲਾ ਮੁਹੱਲਾ ਗੁ: ਕਲਗੀਧਰ ਕੀਰਤਨ ਦਰਬਾਰ<br>ਲੋਹਗੜ੍ਹ ਰੋਡ, 98153-01010, 96461-17772 |
| 7. | 11/03/2023 - 12/03/2023 | ਮਾਨਸਾ | ਸਾਲਾਨਾ ਸਮਾਗਮ (ਖੇਤਰੀ) ਗੁ: ਸਿੰਘ ਸਭਾ<br>94643-55517 |
| 8. | 20/03/2023 - 26/03/2023 | ਮੋਗਾ | ਕੇਂਦਰੀ ਸਮਾਗਮ (ਸ਼ਹੀਦੀ ਗੁਰੂ ਤੇਗ ਬਹਾਦਰ ਸਾਹਿਬ ਜੀ)<br>ਗੁ: ਗੁਰੂ ਤੇਗ ਬਹਾਦਰ ਸਾਹਿਬ ਦੁਸਾਂਝ ਰੋਡ,<br>95307-18001, 94173-09460, 94171-76032 |
| 9. | __/__/2023 - __/__/2023 | ਪਾਉਂਟਾ ਸਾਹਿਬ | ਸਲਾਨਾ ਸਮਾਗਮ (ਕ੍ਰਿਪਾ ਕਰਕੇ ਸੰਪਰਕ ਕਰ ਲਵੋ ਜੀ)<br>99149-00599, 94126-68386 |
| 10. | 01/04/2023 - 02/04/2023 | ਬਾਬਾ ਬਕਾਲਾ | ਸਾਲਾਨਾ ਸਮਾਗਮ (ਖੇਤਰੀ) ਗੁ: ਭੋਰਾ ਸਾਹਿਬ<br>97796-30977 89682-97779 |
| 11. | 10/04/2023 - 14/04/2023 | ਅੰਮ੍ਰਿਤਸਰ | ਕੇਂਦਰੀ ਸਮਾਗਮ ਵੈਸਾਖੀ<br>79869-79969, 98152-70871, 98559-47251 |
| 12. | 19/04/2023 - 23/04/2023 | ਕਪੂਰਥਲਾ | ਸਾਲਾਨਾ ਸਮਾਗਮ (ਖੇਤਰੀ) ਸਟੇਟ ਗੁਰਦੁਆਰਾ<br>99881-97479, 99887-16000 |
| 13. | 06/05/2023 - 07/05/2023 | ਤਰਨਤਾਰਨ | ਸਾਲਾਨਾ ਸਮਾਗਮ (ਖੇਤਰੀ)<br>98760-79024, 97796-30977 |
| 14. | 06/05/2023 - 07/05/2023 | ਮਾਛੀਵਾੜਾ | ਸਾਲਾਨਾ ਸਮਾਗਮ (ਖੇਤਰੀ) ਗੁ: ਚਰਨ ਕੰਵਲ<br>99883-81739, 98726-33388 |
| 15. | 13/05/2023 - 14/05/2023 | ਮੁਕਤਸਰ ਸਾਹਿਬ | ਸਾਲਾਨਾ ਸਮਾਗਮ (ਖੇਤਰੀ) ਦਰਬਾਰ ਸਾਹਿਬ<br>94636-47265, 98720-47222 |
| 16. | 21/05/2023 - 24/05/2023 | ਹੁਸ਼ਿਆਰਪੁਰ | ਕੇਂਦਰੀ ਸਮਾਗਮ ਸ਼ਹੀਦੀ ਗੁਰੂ ਅਰਜਨ ਦੇਵ ਜੀ ਗੁ: ਸਿੰਘ ਸਭਾ<br>ਰੇਲਵੇ ਰੋਡ 98151-31079, 99884-41535 |
| 17. | __/__/2023 - __/__/2023 | ਦਿੱਲੀ | ਸਾਲਾਨਾ ਸਮਾਗਮ ਰਾਜੌਰੀ ਗਾਰਡਨ (ਕ੍ਰਿਪਾ ਕਰਕੇ ਸੰਪਰਕ ਕਰ ਲਵੋ ਜੀ)<br>98103-63924, 98990-06748 |
| 18. | 09/06/2023 - 11/06/2023 | ਫਗਵਾੜਾ | ਸਾਲਾਨਾ ਸਮਾਗਮ ਗੁ: ਪਾਤਸ਼ਾਹੀ ਛੇਵੀਂ, ਚੌੜਾ ਖੂਹ<br>99880-05795, 99887-16000 |
| 19. | 11/06/2023 - 11/06/2023 | ਗੁਰੂ ਕੀ ਵਡਾਲੀ | ਸਾਲਾਨਾ ਅਖੰਡ ਕੀਰਤਨ ਗੁ: ਜਨਮ ਅਸਥਾਨ ਪਾਤਸ਼ਾਹੀ ਛੇਵੀਂ<br>ਸਵੇਰੇ 7 ਤੋਂ 3 ਵਜੇ ਤੱਕ 97811-00265 |
| 20. | 16/06/2023 - 18/06/2023 | ਕੁਮਾਰ ਹੱਟੀ (HP) | ਸਾਲਾਨਾ ਸਮਾਗਮ ਗੁ: ਸਾਹਿਬ<br>98143-00245, 75289-00045 |
| 21. | 06/07/2023 - 09/07/2023 | ਲੁਧਿਆਣਾ | ਸਾਲਾਨਾ ਸਮਾਗਮ ਜਨਮ ਸ਼ਤਾਬਦੀ ਭਾ.ਸਾ.ਭਾ ਰਣਧੀਰ ਸਿੰਘ ਜੀ<br>ਗੁ: ਭਾਈ ਰਣਧੀਰ ਸਿੰਘ ਜੀ ਟਰੱਸਟ<br>98156-11924, 98151-56014, 98559-98893 |

| | | | |
|---|---|---|---|
| 22. | 27/07/2023 - 30/07/2023 | ਸ਼ਿਮਲਾ (HP) | ਸਾਲਾਨਾ ਸਮਾਗਮ ਗੁ: ਸਿੰਘ ਸਭਾ<br>98143-00245, 75289-00045 |
| 23. | 03/08/2023 - 06/08/2023 | ਅੰਬਾਲਾ ਸਿਟੀ | ਸਾਲਾਨਾ ਸਮਾਗਮ ਗੁ: ਮੰਜੀ ਸਾਹਿਬ<br>94666-93516 |
| 24. | 12/08/2023 - 15/08/2023 | ਅੰਬਾਲਾ ਕੈਂਟ | ਕੇਂਦਰੀ ਸਮਾਗਮ ਗੁ: ਗੋਬਿੰਦ ਨਗਰ<br>99962-30520, 94160-94103 |
| 25. | 12/08/2023 - 15/08/2023 | ਭੋਪਾਲ MP | ਸਾਲਾਨਾ ਸਮਾਗਮ ਗੁ: ਗੁਰੂ ਨਾਨਕ ਦਰਬਾਰ BHEL ਕਲੋਨੀ<br>98993-89514, 98270-93038 |
| 26. | 23/08/2023 - 27/08/2023 | ਸਿਰਸਾ | ਸਾਲਾਨਾ ਸਮਾਗਮ (ਖੇਤਰੀ) ਗੁ: ਪਾਤਸ਼ਾਹੀ 10<br>99887-16000 |
| 27. | 31/08/2023 - 03/09/2023 | ਦੋਰਾਹਾ | ਸਾਲਾਨਾ ਸਮਾਗਮ<br>98140-97699, 98557-17221 |
| 28. | 09/09/2023 - 10/09/2023 | ਚਿਚਰਾੜੀ<br>(ਹਾਂਸ ਕਲਾਂ) | ਸਲਾਨਾ ਸਮਾਗਮ (ਖੇਤਰੀ) ਗੁ: ਸਾਹਿਬ ਨੇੜੇ ਜਗਰਾਉਂ<br>98556-65580 |
| 29. | 13/09/2023 - 17/09/2023 | ਚੰਡੀਗੜ੍ਹ | ਕੇਂਦਰੀ ਸਲਾਨਾ ਸਮਾਗਮ ਪਹਿਲਾ ਪ੍ਰਕਾਸ਼ ਉਤਸਵ,<br>ਗੁਰੂ ਗ੍ਰੰਥ ਸਾਹਿਬ ਜੀ 98143-00245, 75289-00045,<br>99883-81739, 98726-33388 |
| 30. | 20/09/2023 - 24/09/2023 | ਬਟਾਲਾ | ਸਾਲਾਨਾ ਸਮਾਗਮ ਗੁਰੂ ਨਾਨਕ ਵਿਆਹ ਪੁਰਬ<br>ਗੁ: ਅਰਬਨ ਅਸਟੇਟ ਕਾਦੀਆਂ ਰੋਡ,<br>94640-70360, 99146-99696, 95011-88486 |
| 31. | 22/09/2023 - 24/09/2023 | ਪੰਜੋਖਰਾ ਸਾਹਿਬ | ਸਾਲਾਨਾ ਸਮਾਗਮ (ਖੇਤਰੀ) ਗੁ: ਸਾਹਿਬ, ਨੇੜੇ ਅੰਬਾਲਾ<br>94666-93516 |
| 32. | 28/09/2023 - 01/10/2023 | ਗੋਨਿਆਨਾ ਮੰਡੀ | ਸਾਲਾਨਾ ਸਮਾਗਮ ਗੁ: ਸੰਤ ਸੁਹੇਲ ਸਿੰਘ<br>98770-95796, 94174-48593 |
| 33. | 06/10/2023 - 08/10/2023 | ਨਵਾਂ ਸ਼ਹਿਰ | ਸਾਲਾਨਾ ਸਮਾਗਮ ਗੁ: ਸਿੰਘ ਸਭਾ<br>94630-64005 |
| 34. | 12/10/2023 - 15/10/2023 | ਖੰਨਾ ਮੰਡੀ | ਸਾਲਾਨਾ ਸਮਾਗਮ ਗੁ: ਗੁਰੂ ਹਰਕ੍ਰਿਸ਼ਨ ਸਾਹਿਬ ਜੀ<br>98152-00024 |
| 35. | 19/10/2023 - 24/10/2023 | ਦਿੱਲੀ | ਕੇਂਦਰੀ ਸਾਲਾਨਾ ਦੁਸਹਿਰਾ ਸਮਾਗਮ ਗੁ: ਰਕਾਬ ਗੰਜ ਸਾਹਿਬ<br>98990-06748, 98103-63924 |
| 36. | 02/11/2023 - 05/11/2023 | ਦਿਆਲਪੁਰ | ਸਾਲਾਨਾ ਸਮਾਗਮ ਗੁ: ਸਾਹਿਬ<br>99888-02622, 98143-12950, 98150-81102 |
| 37. | 25/11/2023 - 28/11/2023 | ਜਲੰਧਰ | ਕੇਂਦਰੀ ਸਾਲਾਨਾ ਸਮਾਗਮ ਗੁਰਪੁਰਬ ਗੁਰੂ ਨਾਨਕ ਦੇਵ ਜੀ<br>ਲਾਇਲਪੁਰ ਖਾਲਸਾ ਸਕੂਲ<br>99150-00453, 98722-11737, 98554-99511 |
| 38. | 09/12/2023 - 10/12/2023 | ਬੰਗਾ | ਸਾਲਾਨਾ ਸਮਾਗਮ ਗੁ: ਚਰਨ ਕੰਵਲ ਸਾਹਿਬ<br>98728-92544, 92561-13419 |
| 39. | 14/12/2023 - 17/12/2023 | ਪੂਨਾ | ਸਾਲਾਨਾ ਸਮਾਗਮ<br>91453-41034 |
| 40. | 13/12/2023 - 17/12/2023 | ਪਟਨਾ ਸਾਹਿਬ | ਸਾਲਾਨਾ ਸਮਾਗਮ<br>93342-42679, 99731-68690, 79869-79969 |
| 41. | 23/12/2023 - 24/12/2023 | ਚਮਕੌਰ ਸਾਹਿਬ | ਸਾਲਾਨਾ ਸਮਾਗਮ<br>98726-33388, 99883-81739 |
| 42. | 26/12/2023 - 28/12/2023 | ਫਤਿਹਗੜ੍ਹ ਸਾਹਿਬ | ਸਾਲਾਨਾ ਸਮਾਗਮ ਗੁ: ਜੋਤੀ ਸਰੂਪ<br>98150-40236, 88473-98190 |

## International Akhand Kirtan Samagam 2023

### AUS. Akhand Kirtan Samagam

| | | | |
|---|---|---|---|
| 1. | 06/04/2023 - 10/04/2023 | Melbourne | Jagjit Singh +61427127888<br>Jaspreet Singh +61470273956 |
| 2. | 28/04/2023 - 01/05/2023 | Innisfail Cairns | Parmjit Singh +16413978585 |
| 3. | 08/06/2023 - 12/06/2023 | Adelaide | Gurinder Singh +61425620751 |
| 4. | 05/07/2023 - 09/07/2023 | Brisbane | Jasjot Singh +61401623844 |
| 5. | 15/09/2023 - 17/09/2023 | Canberra | Parminder Singh +61402467332 |
| 6. | 25/09/2023 - 01/10/2023 | Sydney | Manjit Singh +61423694629 |
| 7. | 22/12/2023 - 26/12/2023 | Shepparton | Kamaldeep Singh +61423654033 |

### Canada Akhand Kirtan Samagam

| | | | |
|---|---|---|---|
| 1. | 12/05/2023 - 21/05/2023 | Vancouver | Japnam Singh +1-604-512-0297 |
| 2. | 15/08/2023 - 20/08/2023 | Vancouver | Kawaljit Singh +1-604-518-8100 |
| 3. | 19/12/2023 - 24/12/2023 | Vancouver | Japnam Singh +1-604-512-0297 |
| 4. | 24/06/2023 - 02/07/2023 | Toronto | Deepinder Singh +1-416-508-0318<br>Jasdeep Singh +1-416-500-0610 |

### USA Akhand Kirtan Samagam

| | | | |
|---|---|---|---|
| 1. | 09/03/2023 - 12/03/2023 | Maryland | Gurdeep Singh +1-301-785-5105 |
| 2. | 06/04/2023 - 09/04/2023 | Utah | Amarjit Singh + 1-801-810-4141 |
| 3. | 04/05/2023 - 07/05/2023 | Chicago | Harinderpal Singh +1-847-571-8193<br>Parminder Singh Moga +1-224-504-7886 |
| 4. | 20/07/2023 - 23/07/2023 | Seattle | Malkiat Singh +1-253-682-9337 |
| 5. | 01/08/2023 - 06/08/2023 | New York | Didar Singh +1-917-518-6165 |
| 6. | 01/09/2023 - 04/09/2023 | Stocktan (By Area) | Mohan Singh +1-209-624-9548 |
| 7. | 13/10/2023 - 15/10/2023 | Indianapolis | Baljit Singh +1-317-603-2723 |
| 8. | 22/11/2023 - 26/11/2023 | LA | Ravinder Singh +1-310-990-8089<br>Gurmit Singh +1-626-214-6348 |

### UK. Akhand Kirtan Samagam

| | | | |
|---|---|---|---|
| 1. | 21/01/2023 - 22/01/2023 | Luton | Vijay Singh +447939513092 |
| 2. | 11/02/2023 - 12/02/2023 | Birmingham | Jaskirat Singh +447722732544 |
| 3. | 18/03/2023 - 19/03/2023 | Southall | Kirpal Singh +447497559324 |
| 4. | 05/04/2023 - 10/04/2023 | Derby | Amrik Singh +447957457390 |
| 5. | 20/05/2023 - 21/05/2023 | Coventry | Tarnjit Singh +447877888874 |
| 6. | 21/06/2023 - 24/06/2023 | Leeds | Kulwinder Singh +447576278552 |
| 7. | 24/07/2023 - 29/07/2023 | Birmingham | Tajinder Singh +447872903957 |
| 8. | 21/08/2023 - 26/08/2023 | Southall | Kirpal Singh + 4474977559324 |
| 9. | 16/09/2023 - 17/09/2023 | Slough | Hardeep Singh +447588928910 |
| 10. | 28/10/2023 - 29/10/2023 | Bradford | Jagjit Singh + 447985112528 |
| 11. | 18/11/2023 - 19/11/2023 | Barking | Tarsem Singh +447743362797 |
| 12. | 18/12/2023 - 23/12/2023 | Coventry | Tarnjit Singh +447877888874<br>Raman Singh +447584677427 |

| | | | |
|---|---|---|---|
| 1. | 12/04/2023 - 16/04/2023 | **Sweden** | Sukhwinder Kaur +46736219528 |
| 2. | 05/05/2023 - 07/05/2023 | **Spain** | Baljit Singh +34687247169 |
| 3. | 26/05/2023 - 28/05/2023 | **Germany** | Gurpreet Singh + 4917634335326 |
| 4. | 08/08/2023 - 14/08/2023 | **Italy** | Harsimranjit Singh +393929993777 |
| 5. | 14/08/2023 - 20/08/2023 | **France** | Sawinder Singh +33620988172 |
| 6. | 03/11/2023 - 05/11/2023 | **Holland** | Jaswinder Singh +31615690672 |
| 7. | 26/01/2023 - 30/01/2023 | **New Zealand** | Harpreet Singh +64223932394<br>+0275656068 |

*ਨੋਟ: ਸਾਲ 2024 ਦੇ ਮੁੱਖ ਸਮਾਗਮਾਂ ਦੀਆਂ ਤਰੀਕਾਂ 1 ਨਵੰਬਰ ਤੋਂ 30 ਨਵੰਬਰ 2023 ਤੱਕ ਦਿਤੀਆਂ ਜਾਣ ਜੀ।*

# ਸਹਾਇਤਾ ਆਤਮ ਰੰਗ ਜਨਵਰੀ 2023 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਸਲਾਨਾ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 50,000.00 |
| ◆ ਭਾਈ ਪ੍ਰਿਆਦੀਪ ਸਿੰਘ ਜੀ, ਜਲੰਧਰ | 1,100.00 |
| ◆ ਗੁਪਤ, ਸੈਕਟਰ 18, ਚੰਡੀਗੜ੍ਹ | 11,000.00 |
| ◆ ਭਾਈ ਬਲਜੀਤ ਸਿੰਘ ਜੀ, ਜਲੰਧਰ, ਭਾਈ ਸਤਨਾਮ ਸਿੰਘ ਜੀ ਚੰਡੀਗੜ੍ਹ ਦੀ ਸਲਾਨਾ ਯਾਦ ਵਿੱਚ | 2,100.00 |
| ◆ ਭਾਈ ਅਰਜਨ ਸਿੰਘ ਜੀ ਸ਼ੇਰਗਿਲ, ਮੋਹਾਲੀ | 2,000.00 |
| ◆ ਅਮਿਤਾ ਅਗ੍ਰਵਾਲ, ਬੈਂਗਲੋਰ | 11,000.00 |
| **ਕੁਲ ਜੋੜ** | **77,200.00** |

## Statement of Income & Expenditure for the Month of Jan. 2023 of *Atam Rang*

| | |
|---|---|
| 1. M/s Jai Offset Printers | 30,000.00 |
| 2. Cost of Service Stamps | 13,600.00 |
| 3. Cost of envelops & printing | 14,000.00 |
| 4. Cost of Stickers | 4,000.00 |
| 5. Previous balance | 1,58,982.00 |
| **Total Expenditure upto 31.01.2023** | **2,20,582.00** |
| Donation | 77,200.00 |
| Membership | - |
| Sale of Books | - |
| **Total Income** | **77,200.00** |
| **Expenditure** | **2,20,582.00** |
| **Income** | **77,200.00** |
| **Difference** | **(-) 1,43,382.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 13 ਫਰਵਰੀ |
| ਪੂਰਨਮਾਸ਼ੀ | 5 ਫਰਵਰੀ |
| ਮੱਸਿਆ | 20 ਫਰਵਰੀ |
| ਪੰਚਮੀ | 24 ਫਰਵਰੀ |
| **ਗੁਰਪੁਰਬ** | |
| ਪ੍ਰਕਾਸ਼ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ | 3 ਫਰਵਰੀ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

### ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*

# ਗੁ. ਸ੍ਰੀ ਗੁਰੂ ਸਿੰਘ ਸਭਾ

## ਨੇੜੇ ਫੁਆਰਾ ਚੌਂਕ, ਪਟਿਆਲਾ ਵਿਖੇ

# ਬਸੰਤ ਰੁੱਤ ਦੇ

# ਸਲਾਨਾ ਅਖੰਡ ਕੀਰਤਨ ਸਮਾਗਮ

## ਮਿਤੀ 8 ਫਰਵਰੀ ਤੋਂ 12 ਫਰਵਰੀ ਸਵੇਰ ਤੱਕ



| | |
|---|---|
| 8 ਫਰਵਰੀ 2023 ਬੁੱਧਵਾਰ | ਸ਼ਾਮ 5:30 ਤੋਂ 8:00 ਵਜੇ ਤੱਕ ਸੋਦਰੁ ਚੌਂਕੀ ਅਤੇ ਕੀਰਤਨ |
| 9 ਫਰਵਰੀ 2023 ਵੀਰਵਾਰ | ਅੰਮ੍ਰਿਤ ਵੇਲਾ ਸਮਾਗਮ ਸਵੇਰੇ 3:00 ਵਜੇ ਤੋਂ 5:00 ਵਜੇ ਤੱਕ<br>ਸਵੇਰੇ 5:00 ਤੋਂ 7:00 ਵਜੇ ਤੱਕ ਕੀਰਤਨ ਆਸਾ ਦੀ ਵਾਰ<br>7:00 ਵਜੇ ਆਰੰਭਤਾ ਸ੍ਰੀ ਅਖੰਡ ਪਾਠ ਸਾਹਿਬ<br>ਸ਼ਾਮ 5:00 ਤੋਂ 8:00 ਵਜੇ ਤੱਕ ਸੋਦਰੁ ਚੌਂਕੀ ਅਤੇ ਕੀਰਤਨ |
| 10 ਫਰਵਰੀ 2023 ਸ਼ੁੱਕਰਵਾਰ | ਅੰਮ੍ਰਿਤ ਵੇਲਾ ਸਮਾਗਮ ਸਵੇਰੇ 3:00 ਵਜੇ ਤੋਂ 4:30 ਵਜੇ ਤੱਕ<br>ਸਵੇਰੇ 5:00 ਤੋਂ 7:00 ਵਜੇ ਤੱਕ ਕੀਰਤਨ ਆਸਾ ਦੀ ਵਾਰ<br>ਸ਼ਾਮ 5:00 ਤੋਂ 8:00 ਵਜੇ ਤੱਕ ਸੋਦਰੁ ਚੌਂਕੀ ਅਤੇ ਕੀਰਤਨ |
| 11 ਫਰਵਰੀ 2023 ਸ਼ਨੀਵਾਰ<br>ਅੰਮ੍ਰਿਤ ਸੰਚਾਰ ਆਰੰਭ ਦੁਪਹਿਰ 2:00 ਵਜੇ | ਅੰਮ੍ਰਿਤ ਵੇਲਾ ਸਮਾਗਮ ਸਵੇਰੇ 2:00 ਵਜੇ ਤੋਂ 4:00 ਵਜੇ ਤੱਕ<br>ਸਵੇਰੇ 5:00 ਵਜੇ ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ<br>ਉਪਰੰਤ ਕੀਰਤਨ ਦੁਪਹਿਰ 2:00 ਵਜੇ ਤੱਕ<br>ਸ਼ਾਮ 6:00 ਵਜੇ ਸੋਦਰੁ ਅਤੇ ਆਰੰਭ ਕੀਰਤਨ ਰੈਣ-ਸਬਾਈ |
| 12 ਫਰਵਰੀ 2023 ਐਤਵਾਰ | ਸਵੇਰੇ 5:00 ਵਜੇ ਸਮਾਪਤੀ ਕੀਰਤਨ ਰੈਣ-ਸਬਾਈ |

ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਜੀ ਸਮੂਹ ਸੰਗੀ ਸਾਥੀਆਂ ਅਤੇ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

**ਨੋਟ : ਰੈਣ-ਸਬਾਈ ਦੌਰਾਨ ਲੰਗਰ ਦੀ ਸੇਵਾ ਸਾਰੀ ਰਾਤ ਨਹੀਂ ਹੋਵੇਗੀ। ਰਾਤ 11:00 ਵਜੇ ਤੋਂ ਸਵੇਰ 3:00 ਵਜੇ ਤੱਕ ਲੰਗਰ ਨਹੀਂ ਹੋਵੇਗਾ ਜੀਓ।**

ਦਾਸਰੇ ਅਖੰਡ ਕੀਰਤਨੀ ਜੱਥਾ, ਪਟਿਆਲਾ

ਸੰਪਰਕ : 85448-17187, 90413-35388, 85320-00054, 94630-96917

# ਅਖੰਡ ਕੀਰਤਨ ਸਮਾਗਮ

ਮਿਤੀ 12 ਫਰਵਰੀ 2023 ਦਿਨ ਐਤਵਾਰ ਅੰਮ੍ਰਿਤ ਵੇਲੇ ਤੋਂ ਲੈ ਕੇ ਦੁਪਿਹਰ ਤਕ। ਇਹ ਸਮਾਗਮ ਪੰਥ ਦੀ ਸੋਨ ਚਿੜੀ, ਨਾਮ ਬਾਣੀ ਦੇ ਰਸੀਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਤੇ ਉਨ੍ਹਾਂ ਦੇ ਰੰਗਲੇ ਸੱਜਨਾਂ ਦੀ ਯਾਦ ਵਿੱਚ ਹਰ ਮਹੀਨੇ ਦੇ ਦੂਜੇ ਐਤਵਾਰ ਨੂੰ ਉਨ੍ਹਾਂ ਦੇ ਤਪ ਅਸਥਾਨ ਗੁਰਦੁਆਰਾ ਤਪੋਵਨ ਕੁਮਾਰਹੱਟੀ (ਜਿਲਾ ਸੋਲਨ, ਹਿਮਾਚਲ) ਵਿਖੇ ਸਮੂਹ ਸੰਗਤਾਂ ਦੇ ਸਹਯੋਗ ਨਾਲ ਹੁੰਦੇ ਹਨ। ਹਾਜਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।



ਗੁਰਦੁਆਰਾ ਸਾਹਿਬ ਤਪੋਵਨ, ਭਾਈ ਸਾਹਿਬ ਭਾਈ ਰਣਧੀਰ ਸਿੰਘ ਕੁਮਾਰਹੱਟੀ

# ਸਲਾਨਾ ਕੇਂਦਰੀ ਹੋਲਾ ਮਹੱਲਾ ਅਖੰਡ ਕੀਰਤਨ ਸਮਾਗਮ ਸ੍ਰੀ ਅਨੰਦਪੁਰ ਸਾਹਿਬ

ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ ਸਲਾਨਾ ਕੇਂਦਰੀ ਹੋਲਾ ਮਹੱਲਾ ਅਖੰਡ ਕੀਰਤਨ ਸਮਾਗਮ ਮਿਤੀ 05.03.2023 ਤੋਂ 08.03.2023 ਤਕ ਕਲਗੀਧਰ ਕੀਰਤਨ ਦਰਬਾਰ, ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ ਰੋਡ, ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਹੇ ਹਨ। ਵੇਰਵਾ ਅਗਲੇ ਪਰਚੇ ਵਿੱਚ ਦੇਖੋ ਜੀ।

**ਦਾਸਰੇ**

**ਅਖੰਡ ਕੀਰਤਨੀ ਜੱਥਾ ਸ੍ਰੀ ਅਨੰਦਪੁਰ ਸਾਹਿਬ**

96461-17772, 98153-01010, 98767-08961, 96469-10062, 98156-30827, 98143-00245

ਸੱਦਾ ਪੱਤਰ

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਸਮਰਪਿਤ

# ਮੋਗਾ ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ ਅਤੇ ਅੰਮ੍ਰਿਤ ਸੰਚਾਰ



**20-03-2023**
ਸੋਮਵਾਰ, ਸ਼ਾਮ 6:00 ਤੋਂ 10:30
ਗੁਰਦੁਆਰਾ ਦਸ਼ਮੇਸ਼ ਨਗਰ ਨੇੜੇ ਮੇਨ, ਬੱਸ ਸਟੈਂਡ ਧਰਮਕੋਟ
98556-34815

**21-03-2023**
ਮੰਗਲਵਾਰ, ਸ਼ਾਮ 6:00 ਤੋਂ 10:30
ਗੁਰਦੁਆਰਾ ਬਾਬਾ ਕਿਸ਼ਨ ਸਿੰਘ ਜੀ ਨਾਨਕ ਨਗਰੀ ਮੋਗਾ

**22-03-2023**
ਬੁੱਧਵਾਰ, ਸ਼ਾਮ 6:00 ਤੋਂ 10:30
ਗੁਰਦੁਆਰਾ ਗੁਰੂ ਨਾਨਕ ਦੇਵ ਜੀ ਗੋਬਿੰਦਗੜ੍ਹ ਬਸਤੀ, ਮੋਗਾ

**23-03-2023**
ਵੀਰਵਾਰ, ਸ਼ਾਮ 6:00 ਤੋਂ 10:30
ਭਾਈ ਪ੍ਰੀਤਮ ਸਿੰਘ ਜੀ (ਜਾਗਰੀ ਜੂਸ ਵਾਲੇ) ਗਲੀ ਨੰ: 3, ਜੁਝਾਰ ਨਗਰ, ਮੋਗਾ

**24-03-2023**
ਸ਼ੁੱਕਰਵਾਰ, ਸ਼ਾਮ 6:00 ਤੋਂ 10:30
ਭਾ: ਇੰਦਰਜੀਤ ਸਿੰਘ (ਸਟਾਰ ਰੇਡੀਓ) ਵੱਲੋਂ ਗੁ: ਕਲਗੀਧਰ, ਦੱਤ ਰੋਡ ਮੋਗਾ

**25-03-2023**
ਸ਼ਨੀਵਾਰ, ਸਵੇਰੇ 7:30 ਤੋਂ 1:30
ਗੁ: ਗੁਰੂ ਤੇਗ ਬਹਾਦਰ ਸਾਹਿਬ ਜੀ ਦੁਸਾਂਝ ਰੋਡ, ਮੋਗਾ

**ਅੰਮ੍ਰਿਤ ਸੰਚਾਰ: 25-03-2023 ਸ਼ਨੀਵਾਰ ਸਮਾਂ: 6 ਵਜੇ ਸ਼ਾਮ**

**ਰੈਣਸਬਾਈ ਕੀਰਤਨ:** ਪ੍ਰਾਰੰਭ 25 ਮਾਰਚ 2023 ਸ਼ਨੀਵਾਰ ਸ਼ਾਮੀ 6 ਵਜੇ
ਗੁ: ਗੁਰੂ ਤੇਗ ਬਹਾਦਰ ਸਾਹਿਬ ਜੀ ਦੁਸਾਂਝ ਰੋਡ, ਮੋਗਾ ਵਿਖੇ ਹੋਣਗੇ, ਸਮਾਪਤੀ 26 ਮਾਰਚ ਸਵੇਰੇ 6 ਵਜੇ

ਨੋਟ: 1) ਅੰਮ੍ਰਿਤ ਅਭਿਲਾਖੀ ਕੇਸੀ ਇਸ਼ਨਾਨ ਕਰਕੇ ਪਹਿਲਾ ਪਹੁੰਚਣ ਜੀ
2) ਅਨੰਦ ਕਾਰਜ ਵਾਲੇ ਜੋੜੇ ਪਹਿਲਾਂ ਸੂਚਿਤ ਕਰਨ ਜੀ।
3) ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ, ਗੁ: ਸਾਹਿਬ ਵਿੱਚ ਹੋਵੇਗਾ ਜੀ।
4) ਬਿਨਾਂ ਆਗਿਆ ਪ੍ਰਬੰਧ ਵਿੱਚ ਦਖਲ ਦੇਣ ਦੀ ਖੇਚਲ ਨਾ ਕੀਤੀ ਜਾਵੇ ਜੀ।
ਟਰਾਂਸਪੋਰਟ: 99886-62529, 99885-11287
ਪੁੱਛ ਗਿੱਛ ਲਈ: 95307-18001, 94171-76032, 94171-05838

Live Telecast at
AKJ.ORG LIVE
ਰੈਣਸਬਾਈ ਕੀਰਤਨ ਦਾ ਸਿੱਧਾ ਪ੍ਰਸਾਰਣ akj.org ਤੇ ਕੀਤਾ ਜਾਵੇਗਾ ਜੀ

ਸਹਿਯੋਗ: ਸਮੂਹ ਧਾਰਮਿਕ, ਸਮਾਜਿਕ ਜੱਥੇਬੰਦੀਆਂ ਅਤੇ ਗੁ: ਪ੍ਰਬੰਧਕ ਕਮੇਟੀਆਂ

**ਦਾਸਰੇ: ਅਖੰਡ ਕੀਰਤਨੀ ਜੱਥਾ ਮੋਗਾ**

ਸਤਿਸੰਗਤਿ ਊਤਮ ਸਤਿਗੁਰ ਕੇਰੀ, ਗੁਨ ਗਾਵੈ ਹਰਿ ਪ੍ਰਭ ਕੇ ॥
ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥













ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਸਾਬਕਾ ਮੁੱਖ ਸੰਪਾਦਕ, ਆਤਮ ਰੰਗ ਮੈਗਜ਼ੀਨ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ। ਜਿਨ੍ਹਾਂ ਦੀ ਸਲਾਨਾ ਮਿੱਠੀ ਤੇ ਨਿੱਘੀ ਯਾਦ ਸਮੂਹ ਅਖੰਡ ਕੀਰਤਨੀ ਜੱਥਿਆਂ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਮਿਤੀ 15 ਜਨਵਰੀ 2023 ਦਿਨ ਐਤਵਾਰ ਨੂੰ ਅੰਮ੍ਰਿਤ ਵੇਲੇ ਤੋਂ ਲੈ ਕੇ ਦੁਪਹਿਰ ਤਕ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਉਨ੍ਹਾਂ ਦੇ ਗ੍ਰਹਿ ਵਿਖੇ ਹੋਏ। ਕੀਰਤਨੀ ਸਿੰਘਾਂ ਨੇ ਬੜੇ ਪਿਆਰ ਤੇ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

Registered with the Registrar
of News Papers of India
Regd. No. R-70727/99

# ATAM RANG
# FEB 2023

Postal Regd. No.
CHDG/0025/2021-23

ਰਾਮ ਰਾਮ ਕੀਰਤਨੁ ਗਾਇ ॥ ਰਮਤ ਰਾਮੁ ਸਭ ਰਹਿਓ ਸਮਾਇ ॥
ਭਗਤਿ ਭਾਇ ਹਰਿ ਕੀਰਤਨੁ ਕਰੀਐ ॥













ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਸਾਬਕਾ ਮੁੱਖ ਸੰਪਾਦਕ, ਆਤਮ ਰੰਗ ਮੈਗਜ਼ੀਨ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ। ਜਿਨ੍ਹਾਂ ਦੀ ਸਲਾਨਾ ਮਿੱਠੀ ਤੇ ਨਿੱਘੀ ਯਾਦ ਸਮੂਹ ਅਖੰਡ ਕੀਰਤਨੀ ਜੱਥਿਆਂ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਮਿਤੀ 15 ਜਨਵਰੀ 2023 ਦਿਨ ਐਤਵਾਰ ਨੂੰ ਅੰਮ੍ਰਿਤ ਵੇਲੇ ਤੋਂ ਲੈ ਕੇ ਦੁਪਹਿਰ ਤਕ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਉਨ੍ਹਾਂ ਦੇ ਗ੍ਰਹਿ ਵਿਖੇ ਹੋਏ। ਕੀਰਤਨੀ ਸਿੰਘਾਂ ਨੇ ਬੜੇ ਪਿਆਰ ਤੇ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

Design & Print: Jai Offset Printers 0172-4616905